ਸੜਕਛਾਪ ਸ਼ਾਇਰੀ

(ਕਵਿਤਾ)

ਇਸੇ ਪੈੱਨ ਤੋਂ :-

ਬੋਗਨਵਿਲਾ ਦੇ ਵਸਤਰ (ਕਵਿਤਾ ਸੰਗ੍ਰਿਹ) **1992**

ਮੇਰੇ ਮਨ ਦੀ ਕੋਇਲ (ਕਵਿਤਾ ਸੰਗ੍ਰਿਹ) **2011**

ਸੜਕਛਾਪ ਸ਼ਾਇਰੀ

(ਕਵਿਤਾ)

ਸਵੈ ਪ੍ਰਕਾਸ਼ਨ

SADAKCHAP SHAYIRE.
BY :
SHASHI PAL SAMUNDRA.

ssamundra@yahoo.com

Fecebook : SHASHI PAL SAMUNDRA.

Price : RS. 145 /- 12 Pounds. 20 Dollars.

2015

‘ਸੜਕਛਾਪ ਸ਼ਾਇਰੀ’ ਦੇ ਸਭ ਹੱਕ ਰਾਖਵੇਂ ਹਨ ।
ਇਹਦੇ ਵਿਚੋਂ ਕੋਈ ਵੀ ਲਿਖਤ ਛਾਪਣ ਲਈ ਲੇਖਕ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੈ ।
ਨੋਟ : ਇਸ ਕਿਤਾਬ ਦੀ ਪਰੂਫ ਰੀਡਿੰਗ ਲੇਖਕ ਨੇ ਖ਼ੁਦ ਕੀਤੀ ਹੈ।

ਸਮਰਪਣ :

'ਸੜਕਛਾਪ ਸ਼ਾਇਰੀ ' ਮੇਰੇ ਪਿੰਡ ਦੀਆਂ ਉਨ੍ਹਾਂ ਯਾਦਾਂ ਨੂੰ ਸਮਰਪਿਤ ਹੈ ਜਿਨ੍ਹਾਂ ਨਾਲ ਮੇਰਾ ਬਚਪਣ ਬੀਤਿਆ । ਪਿੰਡ ਦੀ ਓਹ ਢਾਬ ਜੀਹਦੇ ਵਿਚ ਡੱਡੂ ਤੇ ਕੱਛੂ ਕਿਨਾਰੇ 'ਤੇ ਬਹਿ ਕੇ ਆਪਣੇ ਆਲੇ-ਦੁਆਲੇ ਦੀ ਦੁਨੀਆਂ ਵੇਂਹਦੇ ਤਾਂ ਕਈ ਨਿੱਤ ਇੱਲਾਂ ਤੇ ਕਾਵਾਂ ਦਾ ਸ਼ਿਕਾਰ ਹੋ ਜਾਂਦੇ । ਮੈਂ ਅਛੋਪਲੇ ਪੈਰੀਂ, ਲੁੱਕ-ਛਿਪ ਕੇ, ਉਨ੍ਹਾਂ ਕੋਲ ਜਾ ਬਹਿਣ ਦੀ ਕੋਸ਼ਿਸ਼ ਕਰਦੀ ਤਾਂ ਨੇੜੇ ਕੋਈ ਬਲਾ ਜਾਣ ਓਹ ਪਾਣੀ ਵਿਚ ਛਾਲ ਮਾਰ ਔਂਹ ਜਾਂਦੇ...

ਮੈਂ ਕਿਨਾਰੇ 'ਤੇ ਬਹਿ, ਗਿੱਲੀ ਮਿੱਟੀ 'ਤੇ ਜ਼ੰਜੀਰੀ ਟੁੱਕਦੀ ਤੇ ਫੇਰ ਉਚੀ ਉਚੀ, " ਟਟੀਰ੍ਹੀ ਢਿਬ ! ਟਟੀਰ੍ਹੀ ਢਿਬ ! " ਬੋਲਦੀ ਢਾਬ ਤੋਂ ਖੇਤਾਂ ਵੱਲ ਉੱਡਦੀ ਤੇ ਮੁੜ ਆਉਂਦੀ ਟਟੀਹਰੀ ਨੂੰ ਵੇਖਦੀ ਰਹਿੰਦੀ...

ਤੇ ਓਹ ਆਜੜੀ ਮੁੰਡੇ ਜਿਹੜੇ ਢਾਬ 'ਚ ਤੈਰਦੀਆਂ ਮੱਝਾਂ 'ਤੇ ਚੜ੍ਹ ਕੇ ਝੂਟੇ ਲੈਂਦੇ ਤੇ ਕਦੇ ਮੁੜ ਪਾਣੀ 'ਚ ਛਾਲ ਮਾਰਦੇ ਮੇਰੀ ਈਰਖਾ ਦਾ ਕਾਰਣ ਬਣਦੇ ਕਿਓਂਕਿ ਏਸ ਖੇਡ ਵਿਚ ਦਿਲ-ਜਾਣ ਨਾਲ ਸ਼ਾਮਿਲ ਹੋਣਾ ਚਾਹੁੰਦਿਆਂ ਵੀ ਤੈਰਾਕੀ ਨਾ ਜਾਣਦੀ ਹੋਣ ਕਰਕੇ ਇਹ ਕਰ ਨਹੀਂ ਸੀ ਸਕਦੀ । ਏਸ ਲਈ, ਬੱਸ ਕਿਨਾਰੇ ਬਹਿ ਕੇ ਉਨ੍ਹਾਂ ਨੂੰ ਇੱਕ ਹਸਰਤ ਨਾਲ ਵੇਖਦੀ, ਮੈਂ ਸੋਚਦੀ ਰਹਿੰਦੀ " ਕਾਸ਼ ਮੈਨੂੰ ਵੀ ਤੈਰਨਾ ਆਉਂਦਾ ਹੁੰਦਾ ਤਾਂ ਮੈਂ ਵੀ ਉਨ੍ਹਾਂ ਵਾਂਗ ਇੰਜ ਹੀ ਪਾਣੀ ਵਿਚ ਮੱਝਾਂ 'ਤੇ ਝੂਟੇ ਲੈਂਦੀ ! ਮੈਨੂੰ ਹਾਲੇ ਵੀ ਯਾਦ ਹੈ ਉਦੋਂ ਓਸ ਬਹਿਸ਼ਤ ਦੀ ਖੁਸ਼ੀ ਵਿਚ, ਉਨ੍ਹਾਂ ਦੇ ਭਠੀ- ਰੰਗੇ ਚੇਹਰਿਆਂ 'ਤੇ ਲਸਣ ਦੀਆਂ ਫਾੜੀਆਂ ਵਰਗੇ ਖਿੜ-ਖਿੜ ਹੱਸਦੇ ਦੰਦ ਕਿਵੇਂ ਦੂਰੋਂ ਹੀ ਲਿਸ਼ਕਦੇ ਹੁੰਦੇ ਸਨ ।

ਤੇ ਰੋਹੀਆਂ ਵਿਚ ਉੱਗੀਆਂ ਓਹ ਕਿੱਕਰਾਂ, ਬੇਰੀਆਂ ਤੇ ਝਿੜੀਆਂ ਜਿਥੇ ਮੈਂ ਪਿੰਡ ਦੇ ਹੋਰ ਜਵਾਕਾਂ ਨਾਲ ਨੰਗੇ ਪੈਰੀਂ ਭੱਜੀ ਫਿਰਦੀ ਹੁੰਦੀ ਸੀ...

ਤੇ ਅੱਲੜ੍ਹ ਉਮਰੇ ਸੁਣੇ ਓਹ ਗੀਤ ਜਿਹੜੇ ਵਿਆਹਾਂ ਵਿਚ, ਕੋਠਿਆਂ 'ਤੇ ਮੰਜੇ ਜੋੜ ਕੇ , ਉੱਤੇ ਸਪੀਕਰ ਲਾ ਕੇ ਵਜਾਏ ਜਾਂਦੇ ਸਨ । ਤੇ ਜਿਨ੍ਹਾਂ ਸਦਕਾ, ਘਰ ਵਿਚ ਕੈਦ ਮੇਰੀ ਅੱਤ ਨੀਰਸ ਜ਼ਿੰਦਗੀ ਨੂੰ ਵੀ ਜੀ ਸਕਣ ਦੇ ਅਰਥ ਮਿਲਦੇ ਰਹੇ...

ਤਰਤੀਬ

5 ਸਮਰਪਣ :
9 ਜਾਣਕਾਰੀ :
13 ਤੂੰ ਜੋਤ ਨੂੰ ਜਗਦੀ ਰਹਿਣ ਦੇ
14 ਮਨ ਮੰਨਦਾ ਹੀ ਨਹੀਂ
15 ਤੇਰਾ ਤੇ ਮੇਰਾ ਰਿਸ਼ਤਾ
16 ਪੇਡੂ ਕੁੜੀ
18 ਇੱਕ ਮਾਚਿਸ ਤਕ ਦਾ ਸਫ਼ਰ
19 ਇੱਕ ਅਰਜ਼
20 ਚੰਨ ਚੜ੍ਹਿਆ
21 ਐ ਅਜਨਬੀ
22 ਕਦੇ ਸੋਚਦੀ ਹਾਂ
23 ਕੀ ਹਾਂ ਇਹ ਮੈਂ ਵੀ !
24 ਕਦੇ ਕਦੇ ਜੀ ਕਰਦਾ ਹੈ
25 ਕੰਧ
26 ਨਾਟਕ
27 ਬਸ, ਐਵੇਂ ਹੀ
28 ਇੱਕ ਕਦਮ ਦਾ ਫ਼ਾਸਲਾ
29 ਮੂਰਖ
31 ਉਸ ਰਾਤ
33 ਕੋਈ ਜੀਵੇ ਤਾਂ ਕਿੰਜ ਜੀਵੇ ?
34 ਇਸ਼ਕ ਡਰਾਮਾ
35 ਸਿਰਜਣਾ
37 ਭੇਡਾਂ ਵੀ ਮਾੜੀਆਂ ਨਹੀਂ ਹੁੰਦੀਆਂ
39 ਬਿਛੁਏ
40 ਸੱਜਣ ਤੇਰੇ ਵਿਹੜੇ ਦੀ
41 ਮਨੋਰੰਜਨ ਦੇ ਤਰੀਕੇ
42 ਸੋਨ ਅੰਡਿਆਂ ਦੀਆਂ ਮੁਰਗੀਆਂ
43 ਕੀ ਕਰਾਂ
44 ਬਾਪੂ
45 ਆਮ ਜਹੇ ਇਨਸਾਨ
46 ਫੁੱਲ, ਅੰਜੀਰਾਂ ਤੇ ਤੂੰ...
47 ਓਹ ਜਦੋਂ ਨਿਰਸ਼ਬਦ ਹੋ ਜਾਂਦੀ ਹੈ
48 ਡੇਜ਼ੀ ਮੈਡਮ ਨਾਲ ਗੱਲਾਂ
50 ਗੱਲਾਂ-ਬਾਤਾਂ
51 ਕੀ ਮੈਂ ਇਸ ਸੂਰਜ 'ਤੇ ਇਤਬਾਰ ਕਰਾਂ
52 ਇੱਕ ਫੁੱਲ
53 ਜ਼ਿੰਦਗੀ ਤੇ ਪਾਣੀ
54 ਮਿਲਣ ਦਾ ਜੇਰਾ ਕਿੰਜ ਕਰਾਂ !?
55 ਇੰਜ ਹੀ ਇਨ੍ਹਾਂ ਡਰਾਮਿਆਂ ਵਿਚ
56 ਓਹਦੀਆਂ ਗੱਲਾਂ
57 ਕਲਾਕਾਰ ਵਿਚਾਰਾ
58 ਯਾਦਾਂ
59 ਨਿੱਕੇ ਕਦਮ, ਨਿੱਕੇ ਰਸਤੇ
60 ਇੰਜ ਮਿਲਿਆ ਸੀ ਤੂੰ
61 ਮੈਨੂੰ ਭੁੱਲਣ ਦੀ ਸੌਂਹ ਦੇ ਜਾ
62 ਅੱਜ ਮੇਰਾ ਇਹ ਜੀ ਕਰਦਾ ਏ
63 ਸੂਰਜ ਦੇ ਓਹਲੇ
64 ਮੇਰੇ ਸ਼ਬਦਾਂ ਵਿਚ
65 ਅਜੀਬ ਗੱਲ ਏ
66 ਦੂਰ ਅੰਬਾਂ ਦੇ ਬਾਗੀਂ ਮਾਏ
68 ਐ ਮਨ
69 ਏਨੀ ਛੇਤੀ
70 ਸ਼ਰਧਾ ਦੇ ਓਹ ਫੁੱਲ
71 ਤੇਰੀਆਂ ਤਸਵੀਰਾਂ
72 ਓਹ ਬਾਤਾਂ
73 ਓ ਮਾਂ
75 ਤਾਂ ਕੀ ਕਰੋਗੇ ?
76 ਓਹ ਲਿਖੇਗੀ...
78 ਕਿਸ ਹਸਰਤ ਨਾਲ
79 ਮੁਹਬੱਤ ਜਾਂ ਤੇਜ਼ਾਬ ?
80 ਜੇ ਮੈਂ ਯੋਗਿਨੀ ਹੁੰਦੀ...
81 ਬੇੜਾ ਗਰਕ
83 ਫੇਰ ਦੱਸੋ ਹੁਣ ਕੀ ਕਰੀਏ
85 ਕਦੇ ਕਦੇ ਜੀ ਕਰਦਾ ਏ
86 ਹੁਣ ਜਦੋਂ ਓਹ ਮਿਲਦਾ ਹੈ

87 ਮੁਕਤੀ
88 ਸਾਡਾ ਕੀ ਹੈ !
89 ਅਸਮਾਨੀ ਕੈਨਵਸ
90 ਕੋਈ ਟੀਸ
91 ਕੁੱਝ ਵੀ ਨਹੀਂ...
92 ਰਿਸ਼ਤਾ
93 ਸਬਜੀ ਬਣਾਉਦਿਆਂ
95 ਸਾਨੂੰ ਪਤਾ ਨਹੀਂ
96 ਪਰ ਕਰਦੀ ਕੀ ਹਾਂ...
97 ਤਾਂ ਤੁਸੀਂ ਕੀ ਕਰੋਂ ?
99 ਆ-ਹਮ
102 ਜਰਾ ਸੋਚੋ
103 ਇਸ਼ਕ ਦਾ ਰਾਹ
104 ਹੇ ਗੁਰੂ ਦੇਵ
105 ਮਰਦ ਕਵੀ ਨੂੰ
106 ਇੱਕ ਬੇ-ਮਿਸਾਲ ਕਹਾਣੀ
107 ਚੱਲਦੇ ਚੱਲਦੇ
108 ਜੋਗੀਆ ਵੇ ਜੋਗੀਆ ਹੋ
110 ਕੋਈ ਬੱਗੇ ਘੋੜੇ 'ਤੇ ਆਇਓ ਨਾ
111 ਇਹੋ ਮੇਰੀ ਦੁਨੀਆਂ ਹੈ
113 ਮੇਰੀ ਆਸ
114 ਇਕ ਓਂਕਾਰ
116 ਅਰਾਧਨਾ
117 ਪਿਆਰ
118 ਕਾਰਬਨ ਮੌਲੀਕੀਊਜ਼ ਦੀ ਜ਼ੁਬਾਨੀ
119 ਫੁੱਲ, ਬੀ ਤੇ ਮਿੱਟੀ
121 ਤੋਰੀਆਂ ਦੀ ਵੇਲ
122 ਮਮਟੀ ਬੈਠ ਕਲੂਟਾ ਜੋੜਾ
123 ਗਮਲੇ ਦੀ ਵੇਲ
124 ਵੇ ਪੰਸਾਰੀਆ
126 ਦਿਲ ਦਾ ਕੋਈ ਨਹੀਂ
127 ਅਸੀਂ ਨਹੀਂ ਹੁਣ ਦੇਖਣੇ
128 ਪਿਆਰੀ ਨਿੰਮੋ
130 ਮਕਸਦ
131 ਹੱਜ ਨੂੰ ਜਾਂਦੀਆਂ ਬਿੱਲੀਆਂ
133 ਨੱਢੀ
134 ਹੇ ਮਾਂ, ਹੇ ਜਨਨੀ ਮਾਂ
135 ਚੁੱਪ ਦਾ ਜ਼ਹਿਰ
136 ਫ਼ਨੀਅਰ ਕਾਲੇ
137 ਕੁੱਝ ਸਵਾਲ
138 ਕਾਹਦੇ ਲਈ ?
139 ਭਰਮ ਜਾਲ ਵਿਚ
140 ਸਤਿ ਸ੍ਰੀ ਅਕਾਲ ਜੀ
142 ਮੈਨੂੰ ਡਰ ਹੈ
143 ਭਾਰਤਵੰਸ਼ੀ
145 ਨਹੀਂ ਭੁੱਲਦੇ
146 ਕਿਹੜਾ ਸੀ ਓਹ ਦੇਸ ਨੀ ਜਿੰਦੇ
150 ਤੋਤਿਆਂ ਦੀ ਦੁਕਾਨ ਕਿਥੇ ਹੈ ?
151 ਮੁਜ਼ਰਿਮਾਂ ਹੱਥੋਂ
154 ਫ਼ਿਰ ਮੈਂ ਕੀ ਕਰਾਂ
155 ਬਹਾਨਾ
156 ਆਪੇ ਫਾਹੇ ਲੈ ਲੈਣੇ
157 ਮਜ਼ਾਕ
158 ਜ਼ਿੰਦਗੀ
159 ਰਾਤ ਦੇ ਹਮਸਫ਼ਰ
160 ਇੰਜ ਹੀ, ਮੈਂ ਵੀ ...
161 ਇਹਦੇ ਬਾਵਜੂਦ
162 ਸੁਪਨਿਆਂ ਵਿਚ
163 ਅੱਜ ਦੀ ਗੱਲ
164 ਅਰਦਾਸ
165 ਵਕਤ ਦੀ ਧਾਰਾ ਵਿਚ
166 ਖਿਡੌਣੇ
167 ਪ੍ਰਾਰਥਨਾ
168 ਵਜੇ ਨਿਰੰਤਰ ਅਨਹਦ ਨਾਦ
170 ਇਸੇ 'ਤੇ ਜ਼ਿੰਦਗੀ ਵਾਰੀ
171 ਓਹ ਮੌਸਮ
172 ਮੈਂ ਤੇ ਤੂੰ
173 ਇੱਕ ਹਥ ਨਾਲ ਤਾੜੀ

174 ਹਾਏ ਵੇ ਰੱਬਾ !
176 ਸੌਦਾ
177 ਸਾਡਾ ਕੀ ਹੈ !
179 ਪੁੱਛੋ ਨਾ
180 ਸੌਂ ਰਹੇ ਹਨ ਬੱਚੇ
182 ਖ਼ਰਾਬ ਕੁੜੀ
184 ਮੈਨੂੰ ਪਤਾ ਹੈ
185 ਨਲੂਏ ਦੀ ਧੀ
186 ਫ਼ਿਰ ਸੋਚਿਆ
187 ਹੇ ਰੱਬ
189 ਫੁੱਲ ਦੀ ਤਾਸੀਰ
190 ਚੱਤੇ ਪਹਿਰ
191 ਉਂਗਲੀ ਚੀਰਾਂ ਤਾਂ
192 ਕਦੇ ਸੋਚਿਆ
193 ਕਾਗਤ ਦਾ ਗੁੱਡਾ
195 ਬੇਕਾਰ
196 ਕੜੀਆਂ ਕਵਿਤਾਵਾਂ
197 ਸ਼ਾਇਦ
199 ਸਕੂਲ
201 ਹੱਥ ਮੇਰੇ
202 ਮਨ-ਬਾਜਾਂ ਸੰਗ
203 ਕਦੇ ਇਹ ਦਰਿਆ
204 ਬਿਨ ਸੋਚੇ
205 ਯਾਦ ਰੱਖਦੀ ਹੈ ਓਹ
206 ਮੈਂ ਸੋਚਦੀ ਹਾਂ ਕਦੇ ਕਦੇ
208 ਸੱਚ ਦੱਸਾਂ ?
210 ਨਸ਼ਾ
212 ਰਾਤ ਦੇਵੀ ਦੇ ਮੰਦਿਰ ਵਿਚ
214 ਮੈਂ ਓਹ ਬੱਤਖ
215 ਸਿਰ ਨਾ ਖਾਹ
216 ਚੁੱਟਕੀ ਨਾਲ
217 ਕੱਚੇ ਰੰਗ
218 ਪਿਆਰ
219 ਇਹ ਰਾਤ ਵੀ
220 ਗ੍ਰੰਥ 'ਜਲ ਅੰਦਰ' ਦੇ ਸ਼ਰਧਾਲੂ
221 ਜਾਣ ਤੋਂ ਪਹਿਲਾਂ
223 ਦੇਸੀ ਮੁੰਡਾ
224 ਬੇਕਾਰ
225 ਅੱਜ ਫ਼ਿਰ
227 ਓ ਰਾਹੀ
228 ਇਹ ਰੋਬਾਟ ਬੰਦੇ
230 ਘਟੀਆ ਕਾਪੀ
231 ਇਹ ਓਹਦੀ ਜ਼ਿੰਦਗੀ ਹੈ
232 ਮੈਂ ਸਿਧਾਰਥ ਦੇ ਰਸਤੇ ਜਾਣਾ ਹੈ
233 ਅਫ਼ਸੋਸ ਹੈ
235 ਜੇ ਮੈਂ ਕਲਪਨਾ ਨਾਲ ਹੀ ਜੀਣਾ ਹੈ
237 ਖਿਡਾਰੀ
239 ਨੀ ਤੂੰ ਕਲਿੱਪਾਂ ਦੀ ਸ਼ੁਕੀਨ ਕੁੜੀਏ
240 ਜ਼ਖ਼ਮ
241 ਕੀ ਕਰਾਂ !
242 ਰੀਸਾਈਕਲਡ

ਜਾਣਕਾਰੀ :

ਮੈਂ ਏਸ ਕਿਤਾਬ ਦੇ ਟਾਈਟਲ ਅਤੇ ਕਵਰ 'ਤੇ ਲੱਗੀ ਤਸਵੀਰ ਬਾਰੇ ਕੁਝ ਕਹਿਣਾ ਚਾਹੁੰਦੀ ਹਾਂ। ਸਭ ਤੋਂ ਪਹਿਲਾਂ ਕਿਤਾਬ ਦੇ ਨਾਅ ਬਾਰੇ। ਫੇਸਬੁੱਕ ' 'ਤੇ ਮੇਰਾ ਸ਼ਾਇਰੀ ਦਾ ਇੱਕ ਪੇਜ ਸੀ : 'ਅਵਾਰਾਗਰਦੀ ਤੇ ਸੜਕਛਾਪ ਸ਼ਾਇਰੀ '। ਦੋ ਕੁ ਸਾਲ ਪਹਿਲਾਂ ਜਦੋਂ ਮੈਂ ਇਹ ਇਹ ਸ਼ੁਰੂ ਕੀਤਾ ਤਾਂ ਕੁਝ ਦੋਸਤਾਂ ਨੇ ਇਹਦੇ ਨਾਅ 'ਤੇ ਕਾਫ਼ੀ ਇਤਰਾਜ਼ ਕੀਤਾ ਸੀ। ਇੱਕ ਬੜੇ ਨਿੱਘੇ ਜਹੇ ਦੋਸਤ ਨੇ ਸਲਾਹ ਦਿੱਤੀ, 'ਪਹਿਲਾਂ ਇਹਦਾ ਕੋਈ ਸੋਹਣਾ ਜਿਹਾ ਨਾਅ ਰੱਖ ਜਿੱਦਾਂ ਤੇਰੀ ਕਿਤਾਬ ਦਾ ਨਾਅ ਆ, 'ਮੇਰੇ ਮਨ ਦੀ ਕੋਇਲ '। ਫੇਰ ਮੈਂ ਇਹ ਪੇਜ ਲਾਈਕ ਕਰੂੰਗਾ।' ਪਰ ਛੇਤੀਂ ਓਹ ਤੇ ਬਹੁਤ ਸਾਰੇ ਹੋਰ ਦੋਸਤ ਏਸ ਪੇਜ ਨੂੰ ਪੜ੍ਹਣ ਤੇ ਪਸੰਦ ਕਰਨ ਲੱਗੇ। ਦੋ ਸਾਲਾਂ ਪਿਛੋਂ ਜਦੋਂ ਇਹਦੇ ਕਰੀਬ ਦੋ ਹਜ਼ਾਰ ਮੈਂਬਰਾਂ ਨੂੰ ਮੈਂ ਇਹਦੇ ਬੰਦ ਕਰਨ ਬਾਰੇ ਦੱਸਿਆ ਤਾਂ ਕਈਆਂ ਵੱਲੋਂ ਤਾਕੀਦ ਆਈ ਕਿ ਓਹ ਇਹ ਬਕਾਇਦਾ ਪੜ੍ਹਦੇ ਹਨ ਤੇ ਮੈਂ ਇਹ ਬੰਦ ਨਾ ਕਰਾਂ।

ਪਿੱਛੇ ਜਹੇ ਜਦੋਂ ਮੈਂ ਆਪਣੀ ਏਸ ਕਿਤਾਬ ਦਾ ਨਾਅ , 'ਸੜਕਛਾਪ ਸ਼ਾਇਰੀ' ਰੱਖਣ ਬਾਰੇ ਫੇਸਬੁੱਕ 'ਤੇ ਜ਼ਿਕਰ ਕੀਤਾ ਤਾਂ ਪਸੰਦ ਤੇ ਨਾ-ਪਸੰਦ ਕਰਨ ਵਾਲਿਆਂ ਵੱਲੋਂ ਬੜਾ ਤਿੱਖਾ ਪ੍ਰਤੀਕਰਮ ਆਇਆ। ਬਹੁਤੇ ਦੋਸਤਾਂ ਕਿਹਾ ਕਿ ਉਨ੍ਹਾਂ ਨੂੰ ਇਹ ਪਸੰਦ ਸੀ। ਕੁੱਝ ਨੇ ਕਿਹਾ ਕਿ ਕਿਤਾਬ ਦਾ ਨਾਅ ਮੈਂ ਜੋ ਮਰਜੀ ਰੱਖਾਂ, ਪਰ ਉਨ੍ਹਾਂ ਨੂੰ ਮੇਰੀ ਸ਼ਾਇਰੀ ਪਸੰਦ ਸੀ, ਏਸ ਲਈ, ਓਹ ਇਹ ਪੜ੍ਹਣਗੇ। ਪਰ ਇਹਦਾ ਵਿਰੋਧ ਕਰਨ ਵਾਲੇ ਕੁਝ ਇੱਕ ਨੇ ਆਖਿਆ ਕਿ ਅਜਿਹੇ ਨਾਅ ਵਾਲੀ ਕਿਤਾਬ ਨੂੰ ਓਹ ਛੂਹਣਗੇ ਵੀ ਨਹੀਂ। ਇੱਕ ਨੇ ਏਸ ਕਿਤਾਬ ਨੂੰ ਸਾੜਨ ਤਕ ਦੀ ਧਮਕੀ ਦਿੱਤੀ। ਏਨਾ ਤਿੱਖਾ ਵਿਰੋਧ ਜਾਣ ਕੇ ਮੈਨੂੰ ਕੁਝ ਚਿੰਤਾ ਵੀ ਹੋਈ, ਪਰ ਫੇਰ ਮੈਂ ਏਸ ਤੋਂ ਲਾਪ੍ਰਵਾਹ ਹੋ ਗਈ।

ਕੁਝ ਇੱਕ ਵਿਦਵਾਨ ਸ਼ੁਭਚਿੰਤਕਾਂ, ਫ਼ਿਕਰ ਕਰਦਿਆਂ, ਮੈਨੂੰ ਆਪਣੀ ਸਮਝ ਮੁਤਾਬਿਕ 'ਸੜਕਛਾਪ ' ਦੇ ਅਰਥ ਸਮਝਾਏ : ਕੋਈ ਬੜੀ ਹੀ ਘਟੀਆ ਚੀਜ਼, ਗੱਲ ਜਾਂ ਬੰਦਾ। ਚੀਪ ਜਿਹਾ ਕੁਝ...ਤੇ ਸਲਾਹ ਦਿੱਤੀ ਕਿ ਸ਼ਾਇਰੀ ਦੀ ਕਿਤਾਬ ਦਾ ਇਹ ਨਾਅ ਰਖਣ ਬਾਰੇ ਮੈਂ ਸੋਚਾਂ ਵੀ ਨਾ !

ਠੀਕ, ਸੜਕਛਾਪ ਸਾਡੀ ਭਾਸ਼ਾ ਵਿਚ ਇੱਕ ਨਿੰਦਣਯੋਗ ਜਾਂ ਨਕਾਰਿਆ ਹੋਇਆ ਸ਼ਬਦ ਹੈ। ਕਿਸੇ ਬੰਦੇ ਨੂੰ ਬਹੁਤ ਘਟੀਆ ਕਿਸਮ ਦਾ ਦੱਸਣਾ ਹੋਵੇ ਤਾਂ ਜੇ ਕਿਸੇ ਦੀ ਬੋਲਚਾਲ ਸਾਨੂੰ ਬੇਹੱਦ ਘਟੀਆ ਜਾਪੇ ਤਾਂ ਅਸੀਂ ਕਹਿੰਦੇ ਹਾਂ, 'ਓਸ ਬੰਦੇ ਦੀ ਤਾਂ ਕੋਈ ਕਲਾਸ ਹੀ ਨਹੀਂ। ਇੱਕ ਦਮ ਸੜਕਛਾਪ ਹੈ। ਕਹਿਣ ਦਾ ਮਤਲਵ, ਘਟੀਆ, ਸਮਾਜ ਵਿਚ ਅਪਰਵਾਨਿਤ

ਸੜਕਛਾਪ ਬੰਦਾ ਓਹ ਸਮਝਿਆ ਜਾਂਦਾ ਹੈ ਜੀਹਦੇ ਲਈ ਸ਼ਬਦ ਰੱਦੀ ਕਿਸਮ ਦਾ ਬੰਦਾ ਵੀ ਹੈ। ਪਰ, ਜਦੋਂ ਮੈਂ ਸੜਕਛਾਪ ਲੋਕਾਂ ਬਾਰੇ ਸੋਚਦੀ ਹਾਂ ਤਾਂ ਮੇਰੇ ਦਿਮਾਗ 'ਚ ਇਨ੍ਹਾਂ ਦਾ ਕੀ ਇਮੇਜ ਬਣਦੈ ? ਠੁਕਰਾਏ ਹੋਏ ਲੋਕ,ਗਰੀਬ ਜਹੇ ਲੋਕ ਓਹ ਜਿਨ੍ਹਾਂ ਦੀ ਸਮਾਜ ਵਿਚ ਕੋਈ ਵੁੱਕਤ ਨਹੀਂ। ਇਨ੍ਹਾਂ ਲਈ ਕੋਈ ਥਾਂ ਨਹੀਂ, ਸਨਮਾਨ ਨਹੀਂ। ਤੇ ਇਨ੍ਹਾਂ ਵਿਚ ਮੈਂ ਆਪਣੇ ਆਪ ਨੂੰ ਦੇਖਦੀ ਹਾਂ।

ਆਪਣੀ ਸੁਰਤ ਸੰਭਾਲਣ ਤੋਂ ਹੁਣ ਤੱਕ ਮੈਂ ਆਪਣੇ ਦੁਆਲੇ ਉੱਸਰੇ ਟੈਬੂਆਂ ਨੂੰ ਅਚੇਤ ਤੇ ਸੁਚੇਤ ਹੋ ਕੇ ਤੋੜਦੀ ਰਹੀ ਹਾਂ। ਕਦੇ ਕਦੇ, ਮੈਂ ਸੋਚਣ ਲੱਗ ਜਾਂਦੀ ਹਾਂ ਕਿ ਜਿਵੇਂ ਮੇਰੀ ਹੋਂਦ ਦਾ ਮਕਸਦ ਸਮਾਜ ਵਿਚ ਬਣੇ ਹੋਈ ਟੈਬੂ ਤੋੜਣਾ ਹੀ ਹੋਵੇ : ਆਹ ਗੱਲ ਨਹੀਂ ਕਹਿਣੀ, ਔਂਥੇ ਨਹੀਂ ਜਾਣਾ, ਆਹ ਕੱਪੜੇ ਨਹੀਂ ਪਾਉਣੇ, ਆਹ ਕੰਮ ਨਹੀਂ ਕਰਨਾ ਤੇ ਹੁਣ ਆਹ ਨਹੀਂ ਲਿਖਣਾ, ਤੇ ਇਹ ਸ਼ਬਦ ਨਹੀਂ ਵਰਤਣਾ , ਵਗੈਰਾ ਵਗੈਰਾ। ਤੇ ਮੈਂ ਫੇਰ ਚੈਲੰਜ ਕਬੂਲ ਕਰ ਜੋ ਮਨ੍ਹਾਂ ਸੀ, ਓਹੀ ਕੀਤਾ ਹੈ। ਇਹ ਵੀ ਨਹੀਂ ਕਿ ਮੈਂ ਹਮੇਸ਼ਾਂ ਜਾਣ ਬੁੱਝ ਕੇ ਅਜਿਹਾ ਕੁਝ ਕਰਦੀ ਰਹੀ ਹਾਂ। ਨਹੀਂ, ਟੈਬੂ ਜਾਂ ਮਨਾਹੀਆਂ ਦੇ ਖਿਲਾਫ਼ ਵਿਦ੍ਰੋਹ ਮੇਰੇ ਕੋਲੋਂ ਬੱਸ ਹੁੰਦੇ ਰਹੇ ਹਨ। ਕੁੱਝ ਲੋਕ ਮਿਥੇ ਹੋਏ ਪ੍ਰਚਲਿੱਤ ਰਾਹਾਂ ਤੋਂ ਉੱਲਟ, ਜਾਂ ਹਟ ਕੇ ਚੱਲਣ ਦੇ ਆਦੀ ਹੁੰਦੇ ਹਨ। ਲੱਗਦੈ, ਸੁਭਾਅ ਵੱਜੋਂ, ਮੈਂ ਅਜਿਹੇ ਲੋਕਾਂ 'ਚੋਂ ਹਾਂ...

ਦੂਜੀ ਗੱਲ 'ਸੜਕਛਾਪ ਸ਼ਾਇਰੀ ' ਦੇ ਕਵਰ ਬਾਰੇ। ਜਦੋਂ ਮੈਂ ਇਹ ਕਿਤਾਬ ਛਾਪਣ ਦਾ ਫ਼ੈਸਲਾ ਕੀਤਾ ਤਾਂ ਸੁਭਾਵਿਕ ਹੀ ਇਹਦੇ ਕਵਰ ਬਾਰੇ ਵੀ ਸੋਚਣਾ ਹੀ ਸੀ। ਮੇਰੀ ਨਜ਼ਰ ਵਿਚ ਕਈ ਤਸਵੀਰਾਂ ਸਨ। ਕੁਝ ਪੇਟਿੰਗਜ਼। ਕੁਝ ਅਨਜਾਣ ਤੇ ਦੋਸਤਾਂ ਦੇ ਖਿੱਚੇ ਫ਼ੋਟੋਗ੍ਰਾਫ਼ਜ਼। ਮੈਨੂੰ ਕਈ ਤਸਵੀਰਾਂ ਚੰਗੀਆਂ ਲੱਗ ਰਹੀਆਂ ਸੀ। ਇੱਕ-ਅੱਧ ਵਾਰ ਕਿਸੇ ਕਲਾਕਾਰ ਕੋਲੋਂ ਕਵਰ ਬਣਵਾਉਣ ਦਾ ਵੀ ਉੱਡਦਾ ਜਿਹਾ ਖ਼ਿਆਲ ਆਇਆ। ਕਦੇ ਸੋਚਦੀ, ਆਪ ਪੇਂਟ ਕਰਾਂ। ਪਰ ਮਨ ਨੂੰ ਪੂਰੀ ਤੱਸਲੀ ਨਹੀਂ ਸੀ ਹੋ ਰਹੀ। ਦੋਸਤਾਂ ਦੀਆਂ ਖਿੱਚੀਆਂ ਤਸਵੀਰਾਂ 'ਚੋਂ ਜਨਮੇਜਾ ਜੀ ਦੀ ਖਿੱਚੀ ਇੱਕ ਤਸਵੀਰ ਸੀ ਜੀਹਦੇ 'ਤੇ ਬਾਰ ਬਾਰ ਮੇਰਾ ਧਿਆਨ ਜਾ ਰਿਹਾ ਸੀ। ਕੁੱਝ ਹੋਰ ਔਪਸ਼ਨਜ਼ 'ਚੋਂ, ਅਖੀਰ, ਮੈਂ ਇਹ ਤੁਰੀਆਂ ਜਾਂਦੀਆਂ ਮੱਝਾਂ ਦੀ ਤਸਵੀਰ ਕਵਰ ਲਈ ਵਰਤਣ ਦਾ ਫ਼ੈਸਲਾ ਕਰ ਲਿਆ ਤੇ ਸ਼ੁਕਰ ਕਿ ਜਨਮੇਜਾ ਜੀ ਨੇ ਇਹਦੇ ਲਈ ਹਾਂ ਵੀ ਕਰ ਦਿੱਤੀ। ਮੇਰੇ ਏਸ ਫ਼ੈਸਲੇ ਦੇ ਕੁੱਝ ਇਹ ਮੁੱਖ ਕਾਰਣ ਸਨ :

ਮੱਝ ਇੱਕ ਅਜਿਹਾ ਪਸ਼ੂ ਹੈ ਜੀਹਨੇ ਹਜ਼ਾਰਾਂ ਸਾਲਾਂ ਤੋਂ ਸਾਡੀ ਜ਼ਿੰਦਗੀ ਵਿਚ, ਖਾਸ ਕਰਕੇ, ਪੇਂਡੂ ਜ਼ਿੰਦਗੀ ਵਿਚ ਇੱਕ ਅਹਿਮ ਰੋਲ ਨਿਭਾਇਆ ਹੈ। ਇੱਕ ਖੁਰਾਕ ਬਦਲੇ ਇਹਨੇ ਸਾਨੂੰ ਦੁਧ, ਦਹੀਂ, ਮਖਣ, ਘਿਓ ਤੇ ਲੱਸੀ ਨਾਲ ਪੀੜ੍ਹੀ-ਦਰ-ਪੀੜ੍ਹੀ ਪਾਲਿਆ ਹੈ। ਮਰਨ 'ਤੇ ਸਾਨੂੰ ਜੁੱਤੀਆਂ ਤੇ ਹੋਰ ਕਈ ਵਰਤੋਂ ਦੀਆਂ ਚੀਜਾ ਲਈ ਆਪਣੀ ਚਮੜੀ ਦਿੱਤੀ ਹੈ। ਕਈ ਇਲਾਕਿਆਂ 'ਚ ਇਹਦਾ ਮੀਟ ਖਾਧਾ ਜਾਂਦਾ ਹੈ। ਤੇ ਸੰਢੇ ਨੂੰ ਕੰਮ ਲਈ ਵਰਤਿਆ ਜਾਂਦਾ ਹੈ।

ਕੁਝ ਲੋਕ ਮੱਝਾਂ ਦਾ ਬਿਓਪਰ ਕਰਕੇ ਚੰਗਾ ਪੈਸਾ ਕਮਾਉਂਦੇ ਹਨ।

ਇਹ ਤਸਵੀਰ ਵਰਤਣ ਦਾ ਦੂਜਾ ਕਾਰਣ ਏਸ ਜੀਵ ਬਾਰੇ ਸਾਡੀ ਟੀਰੀ ਸੋਚ 'ਤੇ ਕਿੰਤੂ ਕਰਨਾ ਵੀ ਹੈ। ਮੁੱਦਤ ਤੋਂ ਸਾਡੇ ਘਰਾਂ 'ਚ ਰਹਿਣ ਤੇ ਸਾਡਾ ਸਾਥ ਦੇਣ ਦੇ ਬਾਵਜੂਦ, ਅਸੀਂ ਹਮੇਸ਼ਾਂ ਏਸ ਜੀਵ ਨੂੰ ਦੁਰਕਾਰਿਆ ਹੈ। ਸਾਂਵਲੇ ਰੰਗ ਬਾਰੇ ਸਾਡੇ ਮਨਾ ਦੀ ਵਿਤਕਰੇ ਭਰੀ ਜ਼ਹਿਰ ਨੇ ਏਸ ਪਿਆਰੇ ਪਸ਼ੂ ਨੂੰ ਵੀ ਨਹੀਂ ਬਖ਼ਸ਼ਿਆ। ਏਸ ਲਈ, ਦੁਨੀਆਂ ਭਾਵੇਂ ਕਿਸੇ ਹੋਰ ਗ੍ਰਿਹ 'ਚ ਜਾ ਵਸੇ ਤੇ ਕੋਈ ਬੰਦਾ ਇੱਕ ਲੱਤ 'ਤੇ ਨੱਸਣ ਲੱਗ ਜਵੈ, ਪਰ, ਸਾਡੀ ਨਜ਼ਰ 'ਚ ਮਝ ਨੇ ਖ਼ੂਬਸੂਰਤ ਨਹੀਂ ਹੋਣਾ !!! ਅਸੀਂ ਇਹਦੇ 'ਤੇ 'ਬਦਸੂਰਤ ' ਦਾ ਪੱਕਾ ਲੇਬਲ ਲਾ ਦਿੱਤਾ ਹੈ ਤੇ ਹੁਣ ਕਿਹੜਾ ਮਾਈ ਦਾ ਲਾਲ ਇਹ ਲਾਹੇ ! ? ਅਸੀਂ ਤਾਂ ਕਿਸੇ ਸਾਂਵਲੇ ਰੰਗ ਦੀ ਰਿਸ਼ਟ-ਪੁਸ਼ਟ ਔਰਤ ਦੀ ਵੀ ਮਜ਼ਾਕ ਵਿਚ ਅਜਿਹੀ ਤੁਲਣਾ ਕਰਦੇ ਹਾਂ :'ਹੈ ਕੀ, ਮੱਝ ਜਹੀ।' ਯਾਨੀ, 'ਬਦਸੂਰਤ'। ਇਹ ਸਾਂਵਲੇ ਰੰਗ ਨੂੰ ਬਦਸੂਰਤ ਤੇ ਗੋਰੇ ਨੂੰ ਖ਼ੂਬਸੂਰਤੀ ਦਾ ਖ਼ਿਤਾਬ ਦੇਣ ਦੀਆਂ ਮਿਥਾਂ ਸਾਡੇ ਸਮਾਜ ਵਿਚ ਸਦੀਆਂ ਪੁਰਾਣੀਆਂ ਹਨ। ਸ਼ਾਇਦ ਉਦੋਂ ਤੋਂ ਜਦੋਂ ਆਰੀਆ ਲੋਕ ਆਪਣੇ ਨਾਲ ਘੋੜੇ, ਤੇ ਗਊਆਂ ਲੈ ਕੇ ਭਾਰਤ ਆਏ ਸਨ। ਮੱਝ ਦਰਾਵੜਾਂ ਦੇ ਪਾਲਤੂ ਪਸ਼ੂਆਂ ਵਿਚੋਂ ਸੀ ਜੀਹਨੂੰ ਸਾਂਵਲੇ ਰੰਗ ਦੇ ਲੋਕਾਂ ਵਾਂਗ ਹੀ ਆਰੀਆ ਨੇ ਨਾਂਹ-ਮੁਖੀ ਪਾਤਰ ਬਣਾ ਲਿਆ। ਨਹੀਂ ਤਾਂ, ਕੀ ਕਾਰਣ ਹੈ ਕਿ ਸਾਡੇ ਲਈ ਗਊ 'ਮਾਤਾ ' ਹੈ ਤੇ ਮੱਝ ਨਹੀਂ ਜਦ ਕਿ ਮੱਝ ਗਊ ਤੋਂ ਵੱਧ ਦੁੱਧ ਤੇ ਘਿਓ ਦਿੰਦੀ ਹੈ ?

ਬਾਇਓਲੌਜੀਕਲ ਐਵੋਲੂਸ਼ਨ ਦੇ ਨੁਕਤੇ ਤੋਂ ਕੋਈ ਵੀ ਜੀਵ ਨਾ ਦੂਜੇ ਤੋਂ ਵਧ ਸੋਹਣਾ ਤੇ ਨਾ ਹੀ ਕਸੋਹਣਾ ਹੈ। ਓਹਨੂੰ ਸ਼ਕਲ-ਸੂਰਤ, ਰੰਗ, ਬਣਤਰ ਓਹਦੇ ਜੀਊਂਦੇ ਰਹਿ ਸਕਣ ਦੀ ਲੋੜ ਮੁਤਾਬਿਕ ਮਿਲਿਆ ਹੈ। ਲੇਬਲ ਲਾਉਣ ਦੀ ਮੂਰਖਤਾ ਨਾਲੋਂ, ਇਹ ਸਮਝਣ ਦੀ ਲੋੜ ਹੈ!

ਏਥੇ ਕਾਹਦੀਆਂ ਕਵਿਤਾਵਾਂ ਤੇ ਕਾਹਦੀਆਂ ਗੱਲਾਂ। ਅਸੀਂ ਤਾਂ ਹਾਲੇ ਤਕ ਆਪਣੀਆਂ ਅੱਤ ਨੀਚ ਸੋਚਾਂ ਤੋਂ ਹੀ ਉੱਪਰ ਨਹੀਂ ਉਠ ਸਕੇ। ਤੇ ਇਹਦੀ ਲਪੇਟ ਵਿਚ ਸਿਰਫ ਇਨਸਾਨ ਨਹੀਂ, ਅਸੀਂ ਵਿਚਾਰੇ ਜੀਵਾਂ ਨੂੰ ਵੀ ਲਿਆ ਹੋਇਆ ਹੈ। ਮੇਰਾ ਮਨ ਇਹ ਵਿਤਕਰੇ ਤੇ ਇਹ ਨਫਰਤਾਂ ਦੇਖ ਕੇ ਰੋਂਦਾ ਹੈ। ਕਾਸ਼ ਅਸੀਂ ਇਨ੍ਹਾਂ ਤੋਂ ਉੱਪਰ ਉਠ ਸਕੀਏ ! ਕਾਸ਼ ਅਸੀਂ ਧਰਤੀ 'ਤੇ ਰਹਿੰਦੇ ਇਨਸਾਨਾ ਤੇ ਜੀਵ-ਜੰਤੂਆਂ ਨੂੰ ਆਪਣੇ ਮਨਾ 'ਚ ਥਾਂ ਦੇ ਸਕੀਏ !

ਪੰਜਾਬੀ ਪੇਂਡੂ ਘਰਾਂ ਵਿਚ ਮੱਝ ਓਹ ਜੀਵ ਹੈ ਜੀਹਦਾ ਸਾਡੇ ਪ੍ਰੀਵਾਰਾਂ ਨਾਲ ਡੂੰਘਾ ਸਬੰਧ ਹੈ। ਪਰ ਅਫ਼ਸੋਸ, ਬਹੁਤ ਅਫ਼ਸੋਸ ਕਿ ਸਾਡਾ ਇਹ ਰਿਸ਼ਤਾ ਸਿਰਫ ਮੱਝਾਂ ਨੂੰ ਵਰਤਣ ਤਕ ਹੀ ਸੀਮਤ ਰਿਹਾ ਹੈ। ਸਾਡੇ ਮਨਾ 'ਚ ਉਨ੍ਹਾਂ ਲਈ ਮੋਹ-ਪਿਆਰ, ਅਪਣੱਤ ਤੇ ਪ੍ਰਵਾਹ ਦੀ ਭਾਵਨਾ ਨਹੀਂ ਪੈਦਾ ਹੋ ਸਕੀ। ਇਹ ਸਾਡੀ ਬਦਕਿਸਮਤੀ ਹੈ ਕਿ ਸਾਡੇ ਨਾਲ ਕੋਈ ਜੀਵ ਰਹੇ, ਵਿਚਰੇ ਤੇ ਸਾਡਾ ਰਿਸ਼ਤਾ ਓਹਦੇ ਨਾਲ ਸਿਰਫ ਓਹਨੂੰ ਵਰਤਣ ਤਕ ਹੀ ਰਹੇ। ਤੇ ਦੁਖ ਦੀ ਗੱਲ ਇਹ ਵੀ ਕਿ ਆਪਣਾ ਅੱਤ ਖ਼ੁਦਗਰਜ਼ੀ ਦਾ ਇਹ ਰਵਈਆ ਅੱਗੇ ਅਸੀਂ ਆਪਣੇ

ਬਚਿਆਂ ਨੂੰ ਵੀ ਸਿਖਾਇਆ ਹੈ।

ਜਨਮੇਜਾ ਸਿੰਘ ਜੌਹਲ ਜੀ ਦੀ ਖਿਚੀ ਮੱਝਾਂ (ਤੇ ਨਾਲ ਪਿਆਰੀ ਕੱਟੀ) ਦੀ ਤਸਵੀਰ ਆਪਣੀ ਇਹ ਕਿਤਾਬ ' ਸੜਕਛਾਪ ਸ਼ਾਇਰੀ ' ਦੇ ਪੇਜ ਤੇ ਲਾ ਕੇ ਮੈਨੂੰ ਇੱਕ ਤੱਸਲੀ ਤੇ ਖੁਸ਼ੀ ਦਾ ਅਹਿਸਾਸ ਹੋ ਰਿਹਾ ਹੈ। ਇਹ ਕਰਕੇ ਸਾਡੇ ਸਿਰ ਹਜ਼ਾਰਾਂ ਸਾਲਾਂ ਤੋਂ ਚੜ੍ਹੇ ਏਸ ਜੀਵ ਦੀਆਂ ਨੇਹਮਤਾਂ ਦੇ ਕਰਜੇ ਨੂੰ ਮੈਂ ਆਪਣੀ ਛੋਟੀ ਜਹੀ ਕੋਸ਼ਿਸ਼ ਨਾਲ ਬੱਸ ਐਕਨੌਲਜ ਕੀਤਾ ਹੈ। ਤੇ ਇਹਦੇ ਲਈ ਮੈਂ ਜਨਮੇਜਾ ਸਿੰਘ ਜੌਹਲ ਜੀ ਦੀ ਵੀ ਧੰਨਵਾਦੀ ਹਾਂ।



ਸ਼ਸ਼ੀ ਪਾਲ ਸਮੁੰਦਰਾ

ਧੰਨਵਾਦ

ਮੈਂ ਜਨਮੇਜਾ ਸਿੰਘ ਜੌਹਲ ਜੀ ਦੀ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਕਿਤਾਬ ਦੇ ਟੈਕਸਟ ਨੂੰ ਵਾਚਿਆ, ਸੰਵਾਰਿਆ ਤੇ ਤਰਤੀਬ ਦਿੱਤੀ । ਫੇਰ ਇਹਨੂੰ ਛਾਪਣ ਦੀ ਤੇ ਹੋਰ ਸਾਰੀ ਸਿਰਦਰਦੀ ਵੀ ਉਨ੍ਹਾਂ ਨੇ ਹੀ ਸੰਭਾਲ ਲਈ । ਸਰਵਰਕ ਤਾਂ ਹੈ ਹੀ ਉਨ੍ਹਾਂ ਦੀ ਫ਼ੋਟੋਗ੍ਰਾਫ਼ੀ ਦਾ ਕਮਾਲ।

ਪ੍ਰੋਫ਼ੈਸਰ ਜਗਦੀਸ਼ ਕੌਰ ਜੀ ਜਿਨ੍ਹਾਂ 'ਤੇ ਐਡਿਟਿੰਗ ਦਾ ਕੰਮ ਸੁੱਟ ਕੇ ਮੈਂ ਉਨ੍ਹਾਂ ਦੀ ਵਿਅਸਤ ਜ਼ਿੰਦਗੀ ਨੂੰ ਹੋਰ ਵੀ ਵਿਅਸਤ ਕਰ ਦਿੱਤਾ । ਉਨ੍ਹਾਂ ਇਹ ਬੋਝ ਚੁੱਪਚਾਪ ਬਰਦਾਸ਼ਤ ਕਰ ਲਿਆ । ਹੁਣ ਉਨ੍ਹਾਂ ਨੂੰ ਸ਼ੁਕਰੀਆ ਆਖਣ ਲਈ ਮੈਂ ਢੁੱਕਵੇਂ ਸ਼ਬਦ ਕਿਥੋਂ ਲਿਆਵਾਂ !?

ਮੈਂ ਰਿਣੀ ਹਾਂ ਇਨ੍ਹਾਂ ਸੁਹਿਰਦ ਦੋਸਤਾਂ ਦੀ ।

ਤੂੰ ਜੋਤ ਨੂੰ ਜਗਦੀ ਰਹਿਣ ਦੇ

ਮਨ ਦੀ ਨਦੀ 'ਚ ਜੋਤ ਸੀ ਜਗਦੀ
ਲਹਿਰਾਂ ਸਹਿਜ ਹੋ ਵਹਿੰਦੀਆਂ ਸਨ
ਪੌਣ ਦੀ ਆਹਟ ਵਹਿਮ ਜਿਹਾ ਕੋਈ
ਫੁੱਲਾਂ ਦੀ ਮਹਿਕ ਨਾ ਸਹਿੰਦੀਆਂ ਸਨ
ਪੀਣ ਆਏ ਕਸਤੂਰੇ ਪਾਣੀ
ਪੀ ਕੇ ਤੁਰਦੇ ਜਾਂਦੇ ਸਨ
ਪੋਲ੍ਹੇ ਪੈਰੀਂ ਸੰਧੂਰੀ ਕਿਰਨਾਂ
ਪੱਛਮ ਜਾ ਸੌਂ ਗਈਆਂ ਸਨ
ਲਾਜਵੰਤੀ ਬਣ ਆਈ ਰੈਨਾ
ਸੰਗ ਕੁੱਝ ਪਾਇਲ ਨੁਮਾ ਆਵਾਜ਼ਾਂ ਸਨ
ਫਿਰ, ਅਕਸਮਾਤ,ਇੱਕ ਗੁਫ਼ਾ 'ਚੋਂ ਉਠਿਆ
ਖ਼ੰਜਰ ਲਿਸ਼ਕਦਾ ਚੰਨ ।
ਆਹ ! ਮੇਰੀਆਂ ਹੱਥੇਲੀਆਂ 'ਤੇ
ਇਹ ਮਹਿੰਦੀ ਹੈ ? ਜਾਂ ਖ਼ੂਨ ਦਾ ਰੰਗ ?
ਇਹ ਮਹਿੰਦੀ ਹੈ ! ? ਜਾਂ ਖ਼ੂਨ ਦਾ ਰੰਗ ! ?
ਜੋ ਵੀ ਹੈ ਇਹ ਹੋਣ ਦੇ
ਤੂੰ ਮਨ ਦੀ ਨਦੀ 'ਚ, ਜੋਤ ਨੂੰ ਜਗਦੀ ਰਹਿਣ ਦੇ
ਤੇ ਲਹਿਰਾਂ ਨੂੰ ਸਹਿਜ ਹੋ ਵਹਿਣ ਦੇ ।

1.31.13

ਮਨ ਮੰਨਦਾ ਹੀ ਨਹੀਂ

ਇੱਕ ਦਿਨ
ਇੱਕ ਤੇਜ਼ ਹਵਾ ਦੇ ਬੁੱਲੇ ਨਾਲ
ਉੱਡ ਗਏ ਸੀ ਸਭ ਰੰਗ, ਤੇ ਫੁੱਲ
ਪਰ ਮੈਂ, ਉੱਤਰ ਜਾਂਦੀ ਹਾਂ ਉਸ ਵਕਤ 'ਚ, ਅਕਸਰ,
ਜਦ ਇਹ ਸਭ ਸੀ ।
ਮਨ ਮੰਨਦਾ ਹੀ ਨਹੀਂ
ਕਿ ਇੱਕ ਦਿਨ ਰੰਗਾਂ ਤੇ ਫੁੱਲਾਂ ਦੀ ਮੌਤ ਹੋਈ ਸੀ
ਮਨ ਮੰਨਦਾ ਹੀ ਨਹੀਂ...
ਮੌਸਮ ਬਦਲਦੇ ਹਨ
ਰੰਗ ਤੇ ਫੁੱਲ ਉੱਡ ਜਾਂਦੇ ਹਨ
ਪੰਛੀ ਮਰਦੇ ਹਨ, ਰੁੱਖ ਟੁੱਟਦੇ ਹਨ
ਪਰ ਕੋਈ ਹਨੇਰੀਆਂ ਵਿਚ ਜੀਉਂਦਾ ਵੀ
ਬਹਾਰ ਵਿਚ ਤੁਰਦਾ ਰਹਿੰਦਾ ਹੈ
ਇਨ੍ਹਾਂ ਸੁਪਨਿਆਂ ਵਿਚ ਉਲਝਿਆ ਰਹਿੰਦਾ ਹੈ ।
ਜੀਣ ਦਾ ਇੱਕ ਇਹ ਵੀ ਸਲੀਕਾ ਹੁੰਦਾ ਹੈ
ਹਾਦਸਿਆਂ ਨੂੰ ਜਿੱਤਣ ਦਾ ਇੱਕ ਇਹ ਵੀ ਤਰੀਕਾ ਹੁੰਦਾ ਹੈ...

2.4.13.

ਤੇਰਾ ਤੇ ਮੇਰਾ ਰਿਸ਼ਤਾ

ਅੱਗ, ਪਾਣੀ ਤੋਂ ਪਾਰ ਦਾ ਰਿਸ਼ਤਾ
ਪੰਜ ਤੱਤਾਂ ਤੋਂ ਪਾਰ ਦਾ ਰਿਸ਼ਤਾ
ਤੂੰ ਮੇਰੇ ਨਾਲ ਰੁੱਸ ਨਹੀਂ ਸਕਦਾ
ਤੂੰ ਮੈਨੂੰ ਕਦੇ ਭੁੱਲ ਨਹੀਂ ਸਕਦਾ
ਰੋ ਕੇ ਮੰਨ, ਜਾਂ ਹੱਸ ਕੇ ਮੰਨ
ਇਹੋ ਇੱਕ ਸੱਚਾਈ ਹੈ
ਇਹੋ ਇੱਕ ਸੱਚਾਈ ਹੈ ।

2.12.13

ਪੇਂਡੂ ਕੁੜੀ

ਸਾਹ ਰੋਕੀ ਤੇ ਪੋਲੇ ਪੈਰੀਂ
ਝਾੜੀਆਂ ਵਿਚ ਜਾ ਕੇ ਵੇਂਹਦੀ,
ਜਹਿਰ ਮੋਹਰੀਆਂ ਗਿਟਕਾਂ ਜਿੱਡੇ ਸੱਪਣੀਆਂ ਦੇ ਅੰਡੇ
ਆਹਲਣਿਆਂ ਕੋਲ ਜਾ ਖਲੋਂਦੀ, ਤੇ ਮੂੰਹ ਚੁੱਕ ਵੇਂਹਦੀ,
ਚਿੜੀਆਂ ਦੇ ਲੀਰਾਂ ਬੋਟ ਤੇ ਗੋਲੀਆਂ ਅੰਡੇ
ਬਰਸਾਤਾਂ ਵਿਚ, ਘਾਹ, ਮਿੱਟੀ 'ਚੋਂ ਫੜ੍ਹ ਲੈਂਦੀ
ਨਿੱਕਚੂ ਡੱਡੂ ਜਰਦ, ਹਰੇ ਤੇ ਮਟਮੈਲੇ ਰੰਗੇ
ਇਸੇ ਮੌਸਮ ਵਿਚ, ਸੀ ਰੁੜੀਆਂ 'ਤੇ ਲੱਭਦੀ ਫਿਰਦੀ,
ਉਂਗੀਆਂ ਅੰਬ ਗਠੋਲੀਆਂ
ਰਗੜ ਕੇ ਪਾਸਿਓਂ ਵਿਸਲ ਬਣਾਉਂਦੀ,
ਤੇ ਕੁੱਤਿਆਂ ਨੂੰ ਵਜਾ ਸੁਣਾਉਂਦੀ ਜੋ ਸੀ ਕਰਦੇ ਓਹਦੀਆਂ ਹਮਜੋਲੀਆਂ
ਸੀ ਪੱਤਿਆਂ ਵਾਲੇ ਡੱਕੇ ਬਣਦੇ ਹਾਰ-ਹਵੇਲਾਂ, ਵੰਗਾਂ,
ਸਗਲੇ ਤੇ ਪਿੱਪਲ ਪੱਤੀਆਂ
ਨੀ ਓਹ ਤਾਂ ਅਪਣੀ ਕਿਸੇ ਦੁਨੀਆਂ ਵਿਚ ਸੀ ਫਿਰਦੀ ਰਹਿੰਦੀ,
ਕਰਦੀ ਮਾਣ-ਮੱਤੀਆਂ
ਛੱਪੜੀਆਂ ਵਿਚ, ਡੱਕਿਆਂ ਨਾਲ, ਗੋਲ ਗੋਲ ਆਕਾਰ ਬਣਾਉਂਦੀ,
ਤੇ ਕੁੱਝ ਗਾਉਂਦੀ
ਰੇਤ 'ਤੇ ਚਿੜੀਆਂ ਤੋਤਿਆਂ ਨੂੰ ਉਂਗਲ ਨਾਲ ਵਾਹੁੰਦੀ, ਤੇ ਮਿਟਾਉਂਦੀ
ਮਿੱਟੀ ਦੇ ਘਰ ਬਣਾਉਂਦੀ, ਤੇ ਪੈਰ ਮਾਰ ਕੇ ਢਾਹ ਦਿੰਦੀ
ਚਿੱਤਕਬਰੇ ਤੇ ਰੰਗ-ਬਰੰਗੇ ਖੰਭ ਚੁੱਕ 'ਕੱਠੇ ਕਰਦੀ ਰਹਿੰਦੀ
ਕਦੇ, ਬਾਜਰੇ 'ਤੇ ਬੈਠੀਆਂ ਚਿੜੀਆਂ,
ਤੇ ਹਿੱਲਦੇ ਸਿੱਟਿਆਂ ਨੂੰ ਵੇਖਦੀ ਰਹਿੰਦੀ
ਸੋਚਦੀ : ਪਿੱਪਲ, ਬੋਹੜ, ਬੇਰੀਆਂ, ਨਿੰਮ, ਟਾਹਲੀਆਂ, ਤੂਤਾਂ ਬਾਰੇ
ਤੇ ਉਨ੍ਹਾਂ 'ਤੇ ਰਹਿੰਦੇ ਭੂਤਾਂ ਬਾਰੇ
ਵੇਖਦੀ ਤੇ ਸੋਚਦੀ : ਗੁਟਕਦੇ ਕਬੂਤਰਾਂ,
ਤੇ ਪਾਥੀਆਂ 'ਤੇ ਬੈਠੀਆਂ ਕਿਰਲੀਆਂ ਬਾਰੇ

ਕਦੇ, ਛੱਪੜ ਕੰਢੇ, ਕਰਦੀ ਗੱਲਾਂ, ਧੁੱਪ ਸੇਕਦੇ ਕੱਛੂਆਂ ਨਾਲ
ਕਦੇ, 'ਕੱਲੀ ਹੱਸਦੀ, ਤੇ 'ਕੱਲੀ ਰੋਂਦੀ, ਗੱਲਾਂ ਕਰਦੀ ਆਪਣੇ ਨਾਲ
ਓਹ ਨਿੱਕੀ ਜਹੀ, ਉਦਾਸ ਜਹੀ, 'ਕੱਲੀ ਜਹੀ ਪੇਂਡੂ ਕੁੜੀ,
ਅਵਾਰਾਗਰਦੀ ਦੀ ਸੜਕ 'ਤੇ ਕਿੰਜ ਆ ਗਈ ਹੈ ! ?
ਜਾਂ ਫਿਰ, ਇਹ ਓਹਦਾ ਹੀ ਇੱਕ ਪਸਾਰਾ ਹੈ ! ?

2.12.13

ਇੱਕ ਮਾਚਿਸ ਤਕ ਦਾ ਸਫ਼ਰ

ਇੱਕ ਮਾਚਿਸ 'ਤੇ ਖ਼ਤਮ ਹੋ ਜਾਂਦੀ ਹੈ ਹਰ ਕਹਾਣੀ
ਜੋ ਇੱਕ ਕਣ ਤੋਂ ਚੱਲੀ ਸੀ
ਤੇ ਜੀਹਨੂੰ ਤੂੰ ਖੋਰੇ ਕੀ ਕੀ ਮਤਲਬ ਦੇ ਲੀਤੇ
ਕਾਹਦੇ ਲਈ ?
ਹਾਂ, ਕਾਹਦੇ ਲਈ ?
ਇਹ ਹਾਸੇ ਤੇਰੇ
ਇਹ ਹੰਝੂ ਤੇਰੇ
ਇਹ ਉਮੀਦਾਂ ਤੇ ਮਾਯੂਸੀਆਂ
ਮਹਿਜ਼ ਜਜ਼ਬਾਤੀ ਛੱਲਾਂ ।
ਅਨਜਾਣੇ ਵਿਚ,
ਕਿੰਨਾ ਖ਼ੁਦ ਨੂੰ ਉਲਝਾ ਲੈਂਦੀ ਹੈ, ਇੱਕ ਮੁੱਠੀ ਰਾਖ਼
ਕਿੰਨੀ ਅਹਿਮ ਬਣ ਬਹਿੰਦੀ ਹੈ, ਇੱਕ ਮੁੱਠੀ ਰਾਖ਼
ਕਿੰਨੇ ਵਹਿਮ ਬਣਾ ਲੈਂਦੀ ਹੈ, ਇੱਕ ਮੁੱਠੀ ਰਾਖ਼ ।
ਜਾਂ ਸ਼ਾਇਦ, ਜਾਣਦੀ ਤਾਂ ਸਭ ਕੁੱਝ ਹੈ
ਪਰ, ਰਸਤੇ ਵਿਚ, ਕੋਈ ਰੰਗ ਭਰਨ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ
ਤੇ ਇਹ ਰਸਤਾ ਕਿੰਨੀ ਛੇਤੀ ਤਾਂ ਮੁੱਕ ਜਾਂਦਾ ਹੈ ।
ਇੱਕ ਦਿਨ, ਓਹ ਨਜ਼ਰ ਉੱਠਾ ਕੇ ਦੇਖੇਗੀ
ਤਾਂ ਸਾਹਮਣੇ ਨਾ ਖੁਸ਼ੀ, ਤੇ ਨਾ ਨਿਰਾਸ਼ਾ
ਨਾ ਉਮੀਦ ਤੇ ਨਾ ਨਾ-ਉਮੀਦ
ਬੱਸ ਹੋਏਗੀ ਕਿਸੇ ਦੇ ਹੱਥ 'ਚ ਬਲਦੀ ਇੱਕ ਮਾਚਿਸ ਦੀ ਤੀਲ੍ਹੀ
ਹਰ ਸਫ਼ਰ ਦੀ, ਇੱਕ ਏਨੀ ਹੀ ਕਹਾਣੀ ਹੁੰਦੀ ਹੈ
ਏਨੀ ਹੀ ਕਹਾਣੀ ਹੁੰਦੀ ਹੈ...

2.17.13

ਇੱਕ ਅਰਜ਼

ਨਾ ਅਸੀਂ ਆਪਣੀ ਮਰਜੀ ਨਾਲ ਆਏ
ਤੇ ਨਾ ਜਾਣਾ ਹੈ ।
ਤੂੰ ਜਦੋਂ ਮਰਜੀ ਲੈ ਜਾਈਂ
ਤੇ ਜਦੋਂ ਤੇ ਜਿੱਥੇ ਮਰਜੀ ਮੁੜ ਭੇਜੀਂ ।
ਸਾਨੂੰ ਖੋਤੇ, ਬਾਂਦਰ, ਬੱਕਰੀਆਂ,
ਡੱਡੂ, ਕੱਛੂ, ਕੁੱਕੜੀਆਂ ਜਿਹਾ ਜੋ ਮਰਜੀ ਬਣਾਈਂ
ਪਰ ਇਨਸਾਨ ਬਣਾ ਕੇ
ਜਹਾਦੀ ਤੇ ਵੱਖਵਾਦੀ ਨਾ ਬਣਾਈਂ !!!
ਏਦੂੰ ਤਾਂ ਉੱਪਰ ਹੀ ਰੱਖੀਂ
ਉੱਪਰ ਹੀ ਰੱਖੀਂ ।
ਕੁੱਝ ਹੋਰ ਨਹੀਂ ਤਾਂ ਉੱਪਰ
ਸਾਂਝਾ ਸਵਰਗ ਤੇ ਸਾਂਝਾ ਨਰਕ ਤਾਂ ਹੈ ।
ਹੇ ਰੱਬ, ਇਹ ਅੱਜ ਦੀ ਆਪਣੀ ਅਰਜ਼ ਹੈ
ਮਿੰਨਤ ਹੈ !.

2. 21.13

ਚੰਨ ਚੜ੍ਹਿਆ

ਫਿਰ ਉੱਠਿਆ ਤੂਫ਼ਾਨ ਸਮੁੰਦਰ
ਫ਼ਿਰ ਜਾਗੀ ਲਹਿਰਾਂ ਵਿਚ ਇਸ਼ਕ ਇਬਾਰਤ
ਫਿਰ ਹੋਇਆ ਕੋਈ ਹੰਝੂ ਹੰਝੂ ।
ਡੋਲ ਰਹੀ ਹੈ ਇੱਕ ਨਿੱਕੀ ਜਹੀ ਕਿਸ਼ਤੀ
ਦੂਰ ਕਿਨਾਰੇ ਲੱਗਣ ਨੂੰ
ਉਮੀਦ ਉਸ ਖ਼ੁਦਾ ਦਾ ਨਾਂ ਹੈ
ਜੀਹਨੂੰ ਨਾ ਹੁੰਦਿਆਂ ਵੀ ਕਿਨਾਰਾ ਦੀਂਹਦਾ ਹੈ ।

2.24.13

ਐ ਅਜਨਬੀ

ਐ ਅਣਦੇਖੇ ਦਰਿਆ,
ਪ੍ਰਵਾਹ ਨਹੀਂ ਹੈ ਮੈਨੂੰ ਆਪਣੀ
ਮੈਂ ਤੁਰ ਸਕਦੀ ਹਾਂ ਮਾਰੂਥਲ 'ਚ ਇੱਕਲੀ
ਪਰ ਤੂੰ, ਕਦੇ ਕਦੇ,
ਹਵਾਵਾਂ ਹੱਥ, ਪਰਿੰਦਿਆਂ ਹੱਥ
ਬੱਸ ਏਨਾ ਸੁਨੇਹਾਂ ਘੱਲ ਦਿਆ ਕਰ
ਕਿ ਤੂੰ ਸੁੱਕਿਆ ਨਹੀਂ ਹੈਂ ਹਾਲੇ ਵੀ
ਕਿ ਤੂੰ ਓਨੇ ਹੀ ਵੇਗ ਨਾਲ ਵਹਿੰਦਾ ਹੈਂ
ਜਿਵੇਂ ਕਦੇ ਤੂੰ, ਮੈਨੂੰ ਸੁਪਨੇ ਵਿਚ ਆ ਕੇ ਦੱਸਿਆ ਸੀ ।

2/24/13

ਕਦੇ ਸੋਚਦੀ ਹਾਂ

ਕਦੇ ਸੋਚਦੀ ਹਾਂ : ਕੀਹਨੂੰ ਲੋੜ ਸੀ ਆਹ ਚਿੜੀਆਂ-ਚੁੜੀਆਂ ਦੀ !
ਸਾਰਾ ਦਿਨ ਐਵੇਂ ਹੀ, ਚਿਰ ਚਿਰ, ਚਿਰ ਚਿਰ ।
ਕਦੇ ਸੋਚਦੀ ਹਾਂ : ਆਹ ਬਿੱਲੀਆਂ ਬਿਨਾ ਕੀ ਖ਼ੁੜਿਆ ਸੀ !
ਕਦੀ ਭਾਂਡੀ ਮੂੰਹ ਤੇ ਬੇ-ਮਤਲਬ ਦੀ ਮਿਆਉਂ ਮਿਆਉਂ ।
ਕਦੇ ਸੋਚਦੀ ਹਾਂ : ਆਹ ਕਾਵਾਂ ਨੂੰ ਗੋਲੀ ਵੱਜ ਜਾਵੇ !
ਮਜਲੂਮ ਪੰਛੀਆਂ ਦੇ ਅੰਡੇ ਖਾਣ ਤੇ ਕਾਵਾਂ ਰੌਲੀ ਤੋਂ ਸਿਵਾ
ਹੋਰ ਇਹ ਕੀ ਕਰਦੇ ਨੇ !
ਕਦੇ ਸੋਚਦੀ ਹਾਂ : ਮੇਰੇ ਗੁਆਂਢੀਆਂ ਦਾ ਡੱਬੂ ਕੁੱਤਾ ਮਰ ਜਾਵੇ !
ਐਵੇਂ ਪ੍ਰਛਾਵਿਆਂ ਨੂੰ ਵੀ ਭੌਂਕਦਾ ਰਹਿੰਦਾ ਹੈ ।
ਕਦੇ ਸੋਚਦੀ ਹਾਂ : ਇਸ ਵਾਰੀ ਤੇਜੇ ਕੇ ਬੁੜੇ ਦਾ ਬੁਖਾਰ ਨਾ ਉੱਤਰੇ !
ਰਾਤ ਤੇ ਦਿਨ, ਬੱਸ ਮੇਰੀ ਹੀ ਤਾੜਣਾ ਰਖਦਾ ਹੈ ।
ਕਦੇ ਸੋਚਦੀ ਹਾਂ : ਜੇ ਮੇਰਾ ਰੰਗ ਗੋਰਾ ਹੁੰਦਾ ਤਾਂ ਮੈਂ
ਡੀ.ਸੀ ਦੇ ਮੁੰਡੇ ਨਾਲ ਵਿਆਹ ਕਰਨਾ ਸੀ !
ਕਦੇ ਸੋਚਦੀ ਹਾਂ : ਜੇ ਮੈਂ ਜੰਮਦੀ ਨਾ ਤਾਂ ਮੇਰੇ ਬਾਪੂ ਨੂੰ
ਸਦਾ ਕਾਲੀ ਪੱਗ ਨਾ ਬੰਨ੍ਹਣੀ ਪੈਂਦੀ !

2/25/13

ਕੀ ਹਾਂ ਇਹ ਮੈਂ ਵੀ !

ਇੱਕ ਸੁਸਤ ਤੇ ਸੁੱਕਦੇ ਦਰਿਆ ਨਾਲ, ਖੇਡਣ ਦੀ ਕੋਸ਼ਿਸ਼ ਕਰਦੀ ਹਾਂ
ਸੁੱਟ ਕੇ ਇੱਕ ਡੱਕਾ ਲਹਿਰਾਂ ਵਿਚ, ਮੁਸਕਰਾਉਂਦੀ ਵੇਖਦੀ ਹਾਂ
ਓਏ, ਇਸ ਬੁੱਢੇ ਦੀ ਜਾਣੇ ਬਲਾ !
ਚੁੱਪ- ਚਾਪੀਤਾ, ਓਹ ਨਾਲ ਰੋੜ੍ਹ ਕੇ ਲੈ ਜਾਂਦੈ ।
ਮਾਰਦੀ ਹਾਂ ਇੱਕ ਢੀਮ ਉੱਠਾ ਕੇ,
ਚੀਰ ਕੇ ਸੀਨਾ ਲਹਿਰਾਂ ਦਾ, ਓਹ ਹੇਠਾਂ ਬਹਿ ਜਾਂਦੈ ।
ਸੁੱਟਦੀ ਹਾਂ ਇੱਕ ਫੁੱਲ ਉਨਾਭੀ
ਤਾਂ ਚੁੱਕੀ ਓਹਨੂੰ ਮੌਜਾਂ 'ਤੇ, ਦੂਰ ਦਿਸਹੱਦਿਆਂ ਵੱਲ ਵਹਿ ਜਾਂਦੈ ।
ਵਿਚ ਪੈਰ ਡਬੋ ਕੇ ਵੇਖਦੀ ਹਾਂ
ਤਾਂ ਸੀਤ ਏਨਾ ਜਿਵੇਂ ਯੁੱਗਾਂ ਤੋਂ ਮੇਰਾ ਦੁਸ਼ਮਨ ਹੋਵੇ ।
ਜੇ ਇੰਜ ਹੀ ਤੂੰ ਵਗਣਾ ਹੈ ਤਾਂ ਵਗਦਾ ਰਹੁ !
ਮੈਂ ਵੀ ਹੁਣ ਜਾ ਰਹੀ ਹਾਂ
ਓੱਥੇ ਜਿਥੇ ਛਮ ਛਮ ਕਰਦੇ ਚਸ਼ਮੇਂ ਹੋਣ
ਤੇ ਕਲ ਕਲ ਵਹਿੰਦੇ ਦਰਿਆ
ਜਿਥੇ ਪਿਆਰ 'ਚ ਸੁੱਟੇ
ਕੋਈ ਡੱਕਿਆਂ 'ਤੇ ਵੀ ਮਾਣ ਕਰੇ
ਤੇ ਫੁੱਲਾਂ ਦਾ ਚਾਅ
ਜਿਥੇ ਮੈਂ ਜੇ ਪਾਣੀ ਵਿਚ ਪੈਰ ਡਬੋਵਾਂ
ਤਾਂ ਨਿੱਘ ਦਾ ਅਹਿਸਾਸ ਹੋਵੇ
ਪਿਆਰ ਦਾ ਅਹਿਸਾਸ ਹੋਵੇ ।
ਅੱਜ, ਤੇਰੇ ਕੰਢੇ 'ਤੇ ਬੈਠੀ
ਬੇਕਾਰ ਜਹੀ ਇਸ ਹਾਲਤ ਵਿਚ,
ਮੈਂ ਇਹੋ ਕਰਨ ਦਾ ਸੋਚ ਰਹੀ ਹਾਂ
ਇਹੋ ਕਰਨ ਦਾ ਸੋਚ ਰਹੀ ਹਾਂ ।

2/26/13

ਕਦੇ ਕਦੇ, ਜੀ ਕਰਦਾ ਹੈ

ਕਦੇ ਕਦੇ, ਜੀ ਕਰਦਾ ਹੈ,
ਮੈਂ ਹੰਝੂਆਂ ਦਾ ਤਮਾਸ਼ਾ ਖ਼ੂਬ ਕਰਾਂ
ਪਰ ਪੱਥਰਾਂ ਅੱਗੇ ।
ਕਦੇ ਕਦੇ, ਜੀ ਕਰਦਾ ਹੈ,
ਮੈਂ ਉੱਚੀ ਉੱਚੀ ਹੱਸਾਂ
ਪਰ ਫੁੱਲਾਂ ਅੱਗੇ ।
ਕਦੇ ਕਦੇ, ਜੀ ਕਰਦਾ ਹੈ,
ਮੈਂ ਸੂਫ਼ੀਆਂ ਵਾਂਗੂੰ ਨੱਚਾਂ
ਪਰ ਬਿੱਲੀਆਂ ਅੱਗੇ ।
ਕਦੇ ਕਦੇ, ਜੀ ਕਰਦਾ ਹੈ,
ਮੈਂ ਸੌਣ ਦਾ ਨਾਟਕ ਖੇਡਾਂ
ਪਰ ਤੈਨੂੰ ਚੋਰੀ ਚੋਰੀ ਤੱਕਾਂ ।
ਕਦੇ ਕਦੇ, ਜੀ ਕਰਦਾ ਹੈ,
ਮੈਂ ਕਿੰਨਾ ਹੀ ਕੁੱਝ ਕਰਦੀ ਜਾਵਾਂ
ਬੱਸ, ਕਰਦੀ ਜਾਵਾਂ ।
ਤੇ, ਅਖ਼ੀਰ, ਜਦ ਸਭ ਮਨ ਆਈਆਂ ਕਰਦੀ ਥੱਕ ਜਾਵਾਂ
ਤਾਂ ਸ਼ਬਦਾਂ ਦੀ ਨਦੀ ਕਿਨਾਰੇ,
ਦਾਦੀ ਦੀ ਦਿੱਤੀ ਖੇਸੀ ਲੈ ਕੇ
ਚੁੱਪਚਾਪ ਸੌਂ ਜਾਵਾਂ ।

2/ 28/13

ਕੰਧ

ਤੇਰੀ ਤੇ ਮੇਰੀ ਕੋਈ ਸਾਂਝ ਨਹੀਂ ਹੈ
ਇਹ ਹੋ ਵੀ ਨਹੀਂ ਸਕਦੀ ਹੈ
ਤੇ ਨਾ ਕਦੇ ਇਹ ਹੋਣੀ ਹੈ
ਇਹ ਆਖ ਫਿਰ ਧੁਖਦੀ ਕਿਓਂ ਹਾਂ !
ਇਹ ਸੋਚ ਫਿਰ ਮਰਦੀ ਕਿਓਂ ਹਾਂ !
ਕੰਧ ਤਾਂ ਅਗਿਓਂ ਚੁੱਪ ਹੈ
ਤੇ ਚੁੱਪ ਦੀ ਜ਼ੁਬਾਨ ਵਿਚ ਉਸ ਆਖਿਆ ਹੈ :
ਤੂੰ ਜੋ ਮਰਜੀ ਆਖੀ ਜਾਹ
ਮੈਨੂੰ ਕੀ !

3/1/13

ਨਾਟਕ

ਪਤਾ ਨਹੀਂ ਕੀ ਕੀ ਸੁਪਨੇ ਦੇਖ ਜਾਂਦੀ ਹੈ ਇਹ ਨਜ਼ਰ ਮੇਰੀ
ਕਿ ਤੂੰ ਰੁੱਸ ਕੇ ਤੁਰਿਆ ਜਾਂਦਾ, ਅਚਾਨਕ, ਹੱਸਦਾ ਮੁੜ ਆਉਂਦਾ ਹੈਂ
ਤੇ ਕਹਿੰਦਾ ਹੈਂ, " ਓ ਮੈਂ ਰੁੱਸਿਆ ਕਿੱਥੇ ਸੀ
ਇਹ ਤਾਂ ਇੱਕ ਨਾਟਕ ਸੀ । "
ਬੱਲੇ ਓਏ ਤੇਰੇ ਨਾਟਕਕਾਰਾ !
ਜਿਵੇਂ ਅਸੀਂ ਤੇਰੇ ਤੇਵਰਾਂ ਤੋਂ ਜਾਣੂ ਨਾ ਹੋਈਏ
ਗੁੱਸੇ ਹੋਣਾ ਤੇ ਫਿਰ ਮੁੱਕਰ ਜਾਣਾ
ਨਾਟਕ-ਦਰ-ਨਾਟਕ ।
ਤੇ ਸੱਚ, ਮੈਨੂੰ ਇਹ ਨਾਟਕ ਚੰਗਾ ਲੱਗਦਾ ਹੈ
ਸਚਾਈ ਨੂੰ ਝੁਠਲਾਉਂਦਾ ਕਿ
ਦੂਰ ਦਿੱਸਹਦਿਆਂ ਵੱਲ ਨਿੱਕਲਿਆ
ਤੂੰ ਤਾਂ ਕਦੇ ਮੁੜਿਆ ਹੀ ਨਹੀਂ ਸੀ ।

3.3.13

ਬਸ, ਐਵੇਂ ਹੀ

ਜਿਵੇਂ, ਬੇ-ਵਜਹ, ਪੌਣ ਅਠਖੇਲੀਆਂ ਕਰਦੀ ਹੈ
ਜਿਵੇਂ ਤਿੱਤਲੀ ਫੁੱਲਾਂ 'ਤੇ ਨੱਚਦੀ ਹੈ
ਜਿਵੇਂ ਕੋਈ ਬੱਦਲੀ ਅਚਾਨਕ, ਛਮ ਛਮ ਵੱਸਦੀ ਹੈ ।
ਕੋਈ ਰਾਤ ਚਾਨਣੀ ਚੜ੍ਹਦੀ ਹੈ
ਤੇ ਲੱਪ ਲੱਪ ਚਾਨਣ ਵੰਡਦੀ ਹੈ
ਕੋਈ ਲਹਿਰ ਸਮੁੰਦਰ ਉੱਠਦੀ ਹੈ
ਤੇ ਕਿਨਾਰੇ ਦੇ ਵੱਲ ਨੱਸਦੀ ਹੈ
ਜਿਵੇਂ ਤਾਰੇ ਖੁਸ਼ੀ 'ਚ ਚੜ੍ਹਦੇ ਨੇ
ਜਿਵੇਂ ਆਸ਼ਕ ਖੁਸ਼ੀ 'ਚ ਮਰਦੇ ਨੇ ।

ਮੈਂ ਬੱਸ ਖੁਸ਼ ਹਾਂ
ਤੇ ਤੂੰ, ਮੇਰੀ ਉਦਾਸੀ ਵਾਂਗ
ਮੇਰੀ ਖੁਸ਼ੀ ਦੇ ਕਾਰਣ ਨਾ ਪੁੱਛਿਆ ਕਰ !

ਕੀ ਦੱਸੇ ਕੋਈ ਪੌਣ ਦਾ ਬੁੱਲਾ
ਬੱਦਲੀ ਦੀ ਛਮ ਛਮ
ਨੱਚਦੀ ਤਿੱਤਲੀ, ਲਹਿਰ ਸਮੁੰਦਰ, ਚਾਨਣੀ ਰਾਤ

ਖੁਸ਼ੀ 'ਚ ਮਰਦੇ ਆਸ਼ਕ ਭੌਰ ।
ਕੀ ਦੱਸੇ ਕੋਈ ? ਕਿੰਜ ਦੱਸੇ ਕੋਈ ? ਤੇ ਕਿਓਂ ਦੱਸੇ ਕੋਈ ?
ਇਹ ਸਭ ਰਾਜ, ਇਹ ਸਭ ਗੱਲਾਂ, ਨਿਰ ਸ਼ਬਦ ਅਹਿਸਾਸ
ਬੱਸ, ਨਿਰ ਸ਼ਬਦ ਅਹਿਸਾਸ....

7/29/12

ਇੱਕ ਕਦਮ ਦਾ ਫ਼ਾਸਲਾ

ਕਦੇ ਕਦੇ, ਓਹ ਖ਼ੁਦ ਨੂੰ ਤਵਾਈਫ਼ ਦੇ ਕੋਠੇ 'ਤੇ ਦੇਖਦੀ ਹੈ
ਕਦੇ ਕਦੇ, ਓਹ ਆਪਣੀ ਧੀ ਨੂੰ ਵੀ ਓਂਥੇ ਦੇਖਦੀ ਹੈ ।
ਨਹੀਂ, ਓਹ ਘਬਰਾ ਕੇ ਕਹਿੰਦੀ ਹੈ :
ਇਹ ਨਹੀਂ ਹੋ ਸਕਦਾ ਹੈ !
ਇਹ ਨਹੀਂ ਹੋ ਸਕਦਾ ਹੈ !
ਹੋ ਸਕਦਾ ਹੈ, ਕੋਈ ਆਵਾਜ਼ ਓਹਨੂੰ ਦੱਸਦੀ ਹੈ
ਇਹ ਹੋ ਸਕਦਾ ਹੈ ।
ਕੋਈ ਐਸਾ ਮੌਸਮ ਆ ਸਕਦਾ ਹੈ, ਜਦ
ਤੁਹਾਡੇ ਕੋਲ ਖਾਣ ਨੂੰ ਰੋਟੀ ਨਾ ਹੋਵੇ,
ਪਹਿਨਣ ਨੂੰ ਕੱਪੜਾ ਨਾ ਹੋਵੇ,
ਤੇ ਸਿਰ ਢਕਣ ਨੂੰ ਛੱਤ ਨਾ ਹੋਵੇ..
ਕਿੰਨਾ ਚਿਰ ਦੇਖੋਂਗੀ ਧੀ ਨੂੰ ਤੂੰ ਭੁੱਖੀ ਮਰਦੀ ?
ਸੜਕਾਂ 'ਤੇ ਨੰਗੀ ਬੈਠੀ ?
ਕਿੰਨਾ ਚਿਰ ਚੱਲੋਗੀ
ਹਾਲਾਤ ਦੇ ਅੱਗੇ, ਜ਼ਿਦ ਤੇਰੀ ?
ਓਹ ਤੇਰੇ ਵਰਗੀਆਂ ਹੀ ਔਰਤਾਂ ਸਨ
ਓਹ ਤੇਰੀ ਧੀ ਵਰਗੀਆਂ ਹੀ ਕੁੜੀਆਂ ਸਨ
ਜੋ ਕਿਸੇ ਹਨੇਰੀ ਵੱਸ, ਓਂਥੇ ਜਾ ਡਿੱਗੀਆਂ ।
ਮੌਸਮ ਦਾ ਕੀ ਭਰੋਸਾ
ਕੀ ਪਤਾ ਇਹ ਕੀਹਦੇ ਨਾਲ ਕੀ ਕਰ ਦੇਵੇ
ਓਹ ਜੋ ਚੰਦ ਸਿੱਕਿਆਂ ਲਈ ਰੁਲਦੀਆਂ ਹਨ
ਬਦਨਾਮੀ ਵਿਚ ਜੀਉਂਦੀਆਂ ਤੇ ਮਰਦੀਆਂ ਹਨ
ਉਨ੍ਹਾਂ ਤੋਂ ਆਪਣੇ ਆਪ ਨੂੰ
ਤੇ ਆਪਣੀ ਧੀ ਨੂੰ, ਵੱਖਰੀਆਂ ਨਾ ਸਮਝਿਆ ਕਰ
ਕਿਉਂਕਿ ਕਮਰੇ ਤੋਂ ਕੋਠੇ ਦਾ
ਸਿਰਫ਼ ਇੱਕ ਕਦਮ ਦਾ ਫ਼ਾਸਲਾ ਹੁੰਦਾ ਹੈ । **2.18.13**

ਮੂਰਖ

ਕਦੇ ਕਦੇ, ਮਨ ਆਈ ਤਾਂ
ਆ ਜਾਂਦਾ ਹੈ ਓਹ ਵੀ ਬੱਦਲ ਬਣ ਕੇ
ਲਿਸ਼ਕਦਾ, ਗੜਕਦਾ, ਬਿਜਲੀਆਂ ਸੁੱਟਦਾ
ਫਿਰ ਛਮ ਛਮ ਵੱਸਦਾ ।
ਮੂਰਖ ਮੈਂ, ਤੱਕ ਮੋਰਨੀ ਵਾਂਗੂੰ ਨੱਚਦੀ ਹਾਂ
ਲੱਟਬੌਰੇ ਹਾਸੇ ਹੱਸਦੀ ਹਾਂ ।
ਭੁੱਲ ਜਾਂਦੀ ਹਾਂ ਕਿ ਜਾਏ ਵੱਢੇ ਦਾ
ਹਾਲੇ ਕੱਲ ਹੀ ਤਾਂ ਮੇਰੇ ਨਾਲ ਲੜਿਆ ਸੀ
ਤੇ ਕਿਵੇਂ ਓਹਨੇ ਮੇਰਾ ਜੀਣਾ ਹਰਾਮ ਕਰਿਆ ਸੀ ।
ਮੇਰੇ ਲੱਖ ਮਨਾਇਆਂ ਮੰਨਿਆਂ ਨਾ ਸੀ
ਮੇਰੇ ਲੱਖ ਸਮਝਾਇਆਂ ਸਮਝਿਆ ਨਾ ਸੀ ।
ਸੌ ਸੌ ਇਲਜ਼ਾਮ ਸਿਰ ਮੜ੍ਹਦਾ ਸੀ
ਨੀ ਓਹ ਤਾਂ ਰੱਬ ਕੋਲੋਂ ਵੀ ਨਾ ਡਰਦਾ ਸੀ ।
ਮੈਂ ਰੋ ਰੋ ਕਮਲੀ ਹੋਈ ਸਾਂ
ਮੈਂ ਕੱਖੋਂ ਹੌਲੀ ਹੋਈ ਸਾਂ
ਪਰ ਓਹ ਤੇ ਓਹਦੀਆਂ ਤਨਜ਼ਾਂ
ਨੀ ਓਹ ਤੇ ਓਹਦੀਆਂ ਜ਼ਹਿਰੀਲੀਆਂ ਰਮਜ਼ਾਂ
ਜਿਵੇਂ ਕੋਈ ਜ਼ਹਿਰ ਦੇ ਘੁੱਟ ਪਿਲਾਵੇ
ਜਿਵੇਂ ਕੋਈ ਜੀਦਿਆਂ ਨੂੰ ਜਲਾਵੇ ।
ਮੈਂ ਕੰਧਾਂ ਨਾਲ ਸਿਰ ਮਾਰਿਆ ਸੀ
ਧਰਤੀ ਨੂੰ ਫਟਣ ਲਈ ਪੁਕਾਰਿਆ ਸੀ
ਤੇ ਬੇਹੋਸ਼ ਜਹੀ ਹੋ, ਡਿੱਗ ਗਈ ਸਾਂ ਖੌਰੇ ਕਿੱਥੇ ।
ਜਦ ਹੋਸ਼ 'ਚ ਆਈ ਤਾਂ ਦੇਖਿਆ
ਓਹ ਕਹਿਰ ਦਾ ਪੁੱਤਲਾ
ਹੁਣ ਬੱਦਲ ਬਣ ਕੇ ਆ ਗਿਆ ਸੀ
ਤੇ ਛਮ ਛਮ ਮੀਂਹ ਵਰਸਾ ਰਿਹਾ ਸੀ

ਤੇ ਮੈਂ ਮੂਰਖ,
ਹਾਂ ਮੈਂ ਮੂਰਖ, ਤੱਕ, ਮੁਸਕਰਾ ਪਈ ਸਾਂ
ਹੱਸ ਪਈ ਸਾਂ
ਤੇ ਮੋਰਨੀ ਬਣ ਕੇ ਨੱਚ ਪਈ ਸਾਂ । **3.11.13**

ਉਸ ਰਾਤ

ਉਸ ਰਾਤ, ਹਾਂ, ਉਸ ਰਾਤ ਜਦੋਂ
ਕਿਸੇ ਫੁੱਲਵਾੜੀ ਦੇ ਚਸ਼ਮੇਂ ਕੋਲ ਬਹਿ
ਕੱਚੀ ਗਿਰੀ ਦਾ ਖੋਪਾ ਭੰਨ, ਉਸ ਮੇਰੇ ਮੂੰਹ ਵਿਚ ਪਾਇਆ ਸੀ
ਇੱਕ ਗੇਂਦੇ ਦਾ ਫੁੱਲ ਬਸੰਤੀ, ਗੁੱਤ ਮੇਰੀ 'ਚ ਸਜਾਇਆ ਸੀ
ਫਿਰ ਗਿੱਲੀ ਮਿੱਟੀ ਪੋਟੇ 'ਤੇ ਚੁੱਕ, ਮੇਰੇ ਮੱਥੇ ਟਿੱਕਾ ਲਾਇਆ ਸੀ
ਜੁਗਨੂੰ ਇੱਕ ਮੁੱਠੀ ਵਿਚ ਫੜ੍ਹ, ਮੇਰੀ ਹੱਥੇਲੀ 'ਤੇ ਟਿਕਾ ਕੇ,
ਖੌਰੇ ਕੀ ਕੀ ਦੱਸੀ ਤੇ ਪੁੱਛੀ ਜਾਂਦਾ ਸੀ
ਬੋਲੀ ਜਾਂਦਾ ਤੇ ਹੱਸੀ ਜਾਂਦਾ ਸੀ
ਕਾਸ਼ ਮੈਂ ਉਸ ਵਕਤ ਨੂੰ ਰੋਕ ਸਕਦੀ !
ਕਾਸ਼ ਮੈਂ ਇਹਦਾ ਕੁੱਝ ਕਰ ਸਕਦੀ !
ਪਰ ਇਹ ਤਾਂ ਇੰਦਰ ਘੋੜੇ 'ਤੇ ਸਵਾਰ, ਆਪਣੀ ਅੱਤ ਦਿਖਾਉਂਦਾ,
ਪੁਰਜੋਰ ਨੱਸੀ ਜਾਂਦਾ ਸੀ ।
ਮੈਂ ਦੇਖਿਆ, ਓਹਦੀਆਂ ਨਜ਼ਰਾਂ ਵਿਚ ਇੱਕ ਖੌਲਦਾ ਸਮੁੰਦਰ ਸੀ
ਇੱਕ ਜ਼ਿੱਦ ਤੇ ਇੱਕ ਜੋਸ਼ ਸੀ
ਅੱਧੀ ਰਾਤ, ਮੱਥੇ 'ਤੇ ਬਲਦੀ ਲੋਅ, ਤਾਰਿਆਂ ਦਾ ਕੋਈ ਭੇਤ ਸੀ
ਕੁੱਝ ਵੀ ਹੋਰ ਪਤਾ ਨਾ ਸੀ, ਨਾ ਕੋਈ ਐਸੀ ਹੋਸ਼ ਸੀ ।
ਤੇ ਮੈਂ, ਓਹਦੇ ਜਲਵਿਆਂ ਵਿਚ ਗੁਆਚ ਗਈ ਸਾਂ
ਸਭ ਕੁੱਝ ਹੀ ਹੋਰ ਭੁੱਲ ਗਈ ਸਾਂ
ਸੌਂ ਗਈ ਸਾਂ ਉਹਦੇ ਯਕੀਨ ਵਿਚ
ਜਿਵੇਂ ਇੱਕ ਬਚਾ ਮਾਂ-ਬਾਪ ਦੀ ਗੋਦ 'ਚ ਸੌਂ ਜਾਵੇ
ਜਿਵੇਂ ਇੱਕ ਸ਼ਰਧਾਲੂ ਮੰਦਿਰ ਦੀ ਦਹਿਲੀਜ਼ 'ਤੇ ਡਿੱਗ ਜਾਵੇ
ਤੇ ਫਿਰ ਜਾਣੇ ਕਿ ਓਹਦਾ ਯਕੀਨ ਤਾਂ ਠੱਗਿਆ ਗਿਆ ਸੀ
ਕਿ ਇਹ ਤਾਂ ਸਿਰਫ ਇੱਕ ਨਾਟਕ ਸੀ
ਓਹ ਨਾਟਕ ਖੇਡ ਕੇ ਚਲਾ ਗਿਆ ਸੀ
ਵਕਤ ਉੱਥੇ ਹੀ ਰੁਕ ਗਿਆ ਸੀ
ਤੇ ਹੁਣ, ਸਟੇਜ 'ਤੇ ਖਲੋਤੀ ਮੈਂ, ਇਕੱਲੀ,

ਝੁਝੱਕੀ ਜਹੀ, ਇਧਰ ਉਧਰ ਝਾਕ ਰਹੀ ਸਾਂ, ਤੇ ਸੋਚ ਰਹੀ ਸਾਂ :
ਲੈ ਵੱਡੀ ਬਣੀ ਫਿਰਦੀ ਸੀ ਤੂੰ ਸੁਚੇਤ ਔਰਤ
ਆਮ ਜਿਹਾ ਇੱਕ ਨਾਟਕਕਾਰ ਵੀ
ਕਿਵੇਂ ਤੇਰੇ ਨਾਲ ਖੇਡ ਗਿਆ ਸੀ
ਕਿਵੇਂ ਤੇਰੇ ਨਾਲ ਖੇਡ ਗਿਆ ਸੀ...

3.14.13

ਕੋਈ ਜੀਵੇ ਤਾਂ ਕਿੰਜ ਜੀਵੇ ?

ਬੱਦਲਾਂ ਵਿਚ ਬਣਦੀਆਂ ਮੂਰਤਾਂ 'ਤੇ ਇਤਬਾਰ ਨਾ ਕਰ
ਪਿਆਰ 'ਤੇ ਇਤਬਾਰ ਨਾ ਕਰ
ਵਕਤ 'ਤੇ ਇਤਬਾਰ ਨਾ ਕਰ
ਸਾਹਾਂ 'ਤੇ ਇਤਬਾਰ ਨਾ ਕਰ
ਰਿਸ਼ਤਿਆਂ 'ਤੇ ਇਤਬਾਰ ਨਾ ਕਰ
ਆਪਣੇ ਗਿਆਨ 'ਤੇ ਇਤਬਾਰ ਨਾ ਕਰ ।
ਚਲੋ ਠੀਕ ਹੈ, ਮੈਂ ਨਹੀਂ ਕਰਦੀ ਇਤਬਾਰ ਇਨ੍ਹਾਂ 'ਤੇ
ਪਰ ਹੁਣ ਤੂੰਹੀਓਂ ਦੱਸ, ਏਨੀ ਬੇ-ਇਤਬਾਰੀ ਕਰਕੇ
ਕੋਈ ਜੀਵੇ ਤਾਂ ਕਿੰਜ ਜੀਵੇ ?

3.15.13

ਇਸ਼ਕ ਡਰਾਮਾ

ਚੱਲ ਮੈਂ ਤਾਂ ਨਹੀਂ ਕਰਦੀ ਤੇਰੀ ਪ੍ਰਵਾਹ
ਪਰ ਤੂੰ ਵੀ ਹੁਣ ਮੇਰੇ ਸੁਪਨਿਆਂ ਵਿਚ ਨਾ ਆਇਆ ਕਰ
ਤੇ ਮੈਨੂੰ ਸੁੱਤੀ ਨੂੰ ਨਾ ਜਗਾਇਆ ਕਰ ।
ਕੀ ਫ਼ਾਇਦਾ ਹੈ !
ਜਦ ਜਾਗਦਿਆਂ ਤੂੰ ਕਦੇ ਤੱਕਣਾ ਨਈਂ
ਬੁਲਾਉਣਾ ਨਈਂ
ਕਿਸੇ ਹੱਥ ਸੁਨੇਹਾਂ ਘੱਲਣਾ ਨਈਂ
ਤੇ ਕਦੇ ਆਉਣਾ ਨਈਂ
ਪਰ ਸੌਂਵਾਂ ਤਾਂ ਤੂੰ ਕਾਲੀ ਘਟਾ ਚੜ੍ਹਾ ਲੈਨਾ
ਬਣ ਮੋਰ ਪੈਲਾਂ ਪਾ ਲੈਨਾ
ਤੇ ਮੈਨੂੰ ਸੁੱਤੀ ਨੂੰ ਜਗਾ ਲੈਨਾ ।
ਇਹ ਕੇਹਾ ਇਸ਼ਕ ਡਰਾਮਾ ਹੈ ?
ਇਹ ਕੇਹੀ ਇਸ਼ਕ ਕਹਾਣੀ ਹੈ ?
ਜਿਹੜੀ ਸੁੱਤਿਆਂ ਹੀ ਖੇਡ੍ਹੀ ਜਾਂਦੀ ਹੈ
ਤੇ ਸਦਾ ਸੁੱਤਿਆਂ ਹੀ ਖੇਡ੍ਹੀ ਜਾਣੀ ਹੈ ।

3/10/13

ਸਿਰਜਣਾ

ਜਦ ਮਿੰਨੀ ਮਿੰਨੀ ਪੁਹਾਰ ਵੇ
ਬੁਣ ਦੇਵੇ ਮੱਕੜੀ ਦੇ ਜਾਲ ਵਿਚ
ਸੁੱਚੇ ਮੋਤੀਆਂ ਦੇ ਹਾਰ ਵੇ
ਤੇ ਝਮ ਝਮ ਪੌਣ ਅਵੱਲੜੀ
ਦੇ ਬਣੇ ਗਲੇ ਦਾ ਹਾਰ ਵੇ
ਤਾਂ ਕਿਓਂ ਖਾਵੇ ਸੂਰਜ ਖੁੰਦਕਾਂ
ਕਰ ਜਾਵੇ ਇਹ ਤਾਰੋ ਤਾਰ ਵੇ ।
ਮਨ ਪਛਤਾਵਾ ਉੱਠਦਾ
ਕੁੱਝ ਹਿਰਖ ਦਾ ਰੰਗ ਉਭਰਦਾ
ਫਿਰ ਇਹ ਆਏ ਖਿਆਲ ਵੇ
ਕਿ ਖ਼ਜ਼ਾਨੇ ਝਿਲਮਿਲਾਂ
ਇਹ ਬਹੁਮੁੱਲੀਆਂ ਰਹਿਮਤਾਂ
ਕੌਣ ਸਿਰਜਦਾ ਤੇ ਕੌਣ ਮੇਟਦਾ
ਇਹ ਖੌਰੇ ਕੀਹਦੀਆਂ ਹਰਕਤਾਂ
ਇਹ ਖੌਰੇ ਕੀਹਦਾ ਕਮਾਲ ਵੇ
ਇਹ ਖੌਰੇ ਕੀਹਦਾ ਕਮਾਲ ਵੇ ।
ਹਾਂ ਮੈਂ ਦਰਸ਼ਕ ਸ਼ਿੰਗਾਰ ਦੀ
ਹਾਂ ਬਾਂਦੀ ਕਿਸੇ ਚਾਰਾਗਰ ਦੀ
ਮੇਰਾ ਧਰਮ ਹੈ ਇਹਦੀ ਅਰਾਧਨਾ
ਇਹਨੂੰ ਮਾਨਣਾ ਤੇ ਸਤਿਕਾਰਨਾ
ਤੇ ਫਿਰ ਇਹਦੇ ਵਾਂਗ ਹੀ
ਇੱਕ ਦਿਨ, ਮਿੱਟੀ ਦੀ ਗੋਦ ਸਮਾਵਣਾ ।
ਮੈਂ ਯਾਤਰੀ ਹਾਂ ਏਸ ਧਰਤ ਦੀ
ਇਸ ਜਲਵੇ ਵਾਂਗ, ਇਨ੍ਹਾਂ ਪਲਾਂ ਦੀ
ਫਿਰ ਕਿਓਂ ਕਰਾਂ ਇਤਰਾਜ਼ ਵੇ
ਕਿਸੇ ਸੂਰਜਾਂ ਦੇ ਨਾਲ ਵੇ

ਹੋ ਮੁਕਤ ਕਿੰਤੂ ਤੇ ਰੰਜਿਸ਼ੋਂ
ਫ਼ਿਕਰਾਂ ਤੇ ਕਿਸੇ ਬੰਦਿਸ਼ੋਂ
ਮੈਂ ਇਸ ਪਲ ਨੂੰ ਹੈ ਮਾਨਣਾ
ਇਸ ਜਲਵੇ ਨੂੰ ਮਾਨਣਾ
ਮਾਨਣਾ ਤੇ ਉੱਡ ਜਾਵਣਾ
ਬੱਸ, ਮਾਨਣਾ ਤੇ ਉੱਡ ਜਾਵਣਾ ।

3/5/13

ਭੇਡਾਂ ਵੀ ਮਾੜੀਆਂ ਨਹੀਂ ਹੁੰਦੀਆਂ

ਤੁਸੀਂ ਕਰੀ ਜਾਓ ਜਿੰਨੀਆਂ ਮਰਜੀ ਸਿਫ਼ਤਾਂ
ਸਾਊ ਧੀਆਂ-ਪੁੱਤਾਂ ਦੀਆਂ
ਆਗਿਆਕਾਰੀ ਔਲਾਦ ਦੀਆਂ
ਜਿਹੜੀ ਕਦੇ ਕੋਈ ਉਲਾਂਭਾ ਨਹੀਂ ਲਿਆਉਂਦੀ
ਜਿਹੜੀ ਕਦੇ ਵੀ ਕਿੰਤੂ ਨਹੀਂ ਕਰਦੀ
ਜਿਹੜੀ ਜੀ- ਹਜੂਰੀ ਕਰਦੀ ਹੈ
ਜਿਹੜੀ ਸਮਾਜ ਵਿਚ ਤੁਹਾਡਾ ਸਿਰ ਉੱਚਾ ਰਖਦੀ ਹੈ
ਜਿਹੜੀ ਸਭ ਦੀਆਂ ਸੀਸਾਂ ਲੈਂਦੀ ਹੈ
ਜਿਹੜੀ ਨੀਵੀਂ ਪਾ ਕੇ ਤੁਰਦੀ ਹੈ
ਜਿਹੜੀ ਸਾਊ ਗੱਲਾਂ ਕਰਦੀ ਹੈ
ਜਿਹੜੀ ਦੱਸੀ ਸੇਧ 'ਤੇ ਚੱਲਦੀ ਹੈ
ਜੀਹਨੇ ਤੁਹਾਡੇ ਵਾਂਗ ਹੀ ਜੀਣਾ ਹੈ
ਜੀਹਨੇ ਤੁਹਾਡੇ ਵਾਂਗ ਹੀ ਮਰਨਾ ਹੈ ।
ਐਸੇ ਧੀਆਂ-ਪੁੱਤਾਂ ਤੋਂ ਖੁਸ਼ ਰਹਿੰਦੇ ਨੇ ਮਾਪੇ
ਜੋ ਚੁੱਕਦੇ ਨਾ ਕੋਈ ਉਪੱਦਰ
ਲਿਆਉਂਦੇ ਨਾ ਕੋਈ ਉਲਾਂਭਾ
ਤੇ ਕਰਦੇ ਨਾ ਕੋਈ ਸਿਆਪਾ ।
ਤੇ ਤੁਹਾਡੀ ਖੁਸ਼ੀ ਤੋਂ ਮੈਂ ਵੀ ਖੁਸ਼ ਹਾਂ ।
ਪਰ ਸੱਚ ਦੱਸਾਂ ?
ਇਨ੍ਹਾਂ ਭੇਡੂਆਂ ਨੇ ਦੁਨੀਆਂ ਅੱਗੇ ਨਹੀਂ ਖੜ੍ਹਨੀ ਹੈ
ਸਮਾਜ ਨਹੀਂ ਬਦਲਣਾ ਹੈ
ਰੁਕੇ ਤੇ ਸੜਦੇ ਪਾਣੀਆਂ ਵਿਚ
ਢੀਮ ਮਾਰਨ ਦੀ ਹਿੰਮਤ ਨਹੀਂ ਕਰਨੀ ਹੈ ।
ਸਮਾਜ ਨੂੰ ਬਦਲਣਗੇ, ਤੇ ਤੋਰਨਗੇ ਤਾਂ,
ਕੁੱਝ ਅੱਖੜ ਕਿਸਮ ਦੇ ਲੋਕ
ਕੁੱਝ ਅਵਾਰਾ ਕਿਸਮ ਦੇ ਲੋਕ

ਮਨ ਮਰਜੀ ਕਰਨ ਦੇ ਆਦੀ ਲੋਕ
ਖ਼ੁਦ ਸੋਚਣ ਦੇ ਆਦੀ ਲੋਕ
ਵਿਦਰੋਹੀ ਲੋਕ ।
ਆਗਿਆਕਾਰੀ ਔਲਾਦ 'ਤੇ
ਤਾੜੀ ਮਾਰਨਗੇ ਰੂੜੀ ਮਾਰਕਾ ਬੰਦੇ
ਤਾਂ ਤੁਸੀਂ, ਭੇਡ ਚਾਲ ਵਿਚ ਪੈਣ ਤੋਂ ਪਹਿਲਾਂ
ਤਾੜੀਆਂ ਵਿਚ ਹਿੱਸੇਦਾਰੀ ਕਰਨ ਤੋਂ ਪਹਿਲਾਂ
ਰਤਾ ਪਰ੍ਹਾਂ ਖਲੋ, ਦੂਜੇ ਨੁਕਤੇ ਤੋਂ ਸੋਚ ਲੈਣਾ :
ਭੇਡਾਂ ਵੀ ਮਾੜੀਆਂ ਨਹੀਂ ਹੁੰਦੀਆਂ
ਪਰ ਸ਼ਾਇਦ ਤੁਹਾਨੂੰ ਪੰਛੀ ਵੱਧ ਪਸੰਦ ਹੋਣ ?

3/ 16/13

ਸੱਜਣ ਤੇਰੇ ਵਿਹੜੇ ਦੀ

ਸੱਜਣ ਤੇਰੇ ਵਿਹੜੇ ਦੀ ਜੇ ਮੈਂ ਮਿੱਟੀ ਹੋਵਾਂ ਕੂਲੀ ਕੂਲੀ,
ਸੱਜਰੀ, ਸੱਜਰੀ ਧੁੱਪ ਨਹਾਤੀ ਨਾਰ
ਜਿੱਥੇ ਬੀਜੇਂ ਤੂੰ ਫੁੱਲ ਗੁਲਾਬ, ਮੋਤੀਆ, ਨਰਗਿਸ,
ਗੇਂਦਾ, ਮੇਥੀ ਤੇ ਧਨੀਏਂ ਦੀ ਕਤਾਰ
ਜਿੱਥੇ ਨਿੱਕੇ ਜੀ-ਜੰਤੂ ਫ਼ੁਰਤੀਲੇ ਆਵਣ
ਲੈ ਲੋੜਾਂ ਤੇ ਚਾਅ-ਮੂਲਾਰ੍ਹ ।
ਪਿਆਰ ਦਾ ਤੂੰ ਪਾਣੀ ਦੇਵੇਂ, ਰੂਹ ਮੇਰੀ ਹੋਵੇ ਸਰਸ਼ਾਰ
ਇਸ ਤੋਂ ਵੱਡਾ ਇਸ਼ਕ ਕੀ ਹੋਣਾ, ਕੀ ਹੋਣਾ ਕੋਈ ਵਿਓਪਾਰ
ਮਿੱਟੀ ਦੀ ਇੰਜ ਕਿਸਮਤ ਜਾਗੇ, ਆਏ ਰੱਜ ਬਹਾਰ ।
ਸੌ ਰੰਗਾਂ ਵਿਚ ਖਿੜ ਜਾਵੇ
ਸੌ ਮਹਿਕਾਂ ਵਿਚ ਉੱਗ ਆਵੇ ਤੇਰੇ ਹੱਥਾਂ ਨਾਲ,
ਤੇਰੀ ਮਿੱਟੀ ਦਾ ਪਿਆਰ ।
ਫਿਰ, ਨਿੱਕੀਆਂ ਨਿੱਕੀਆਂ ਕਾਤਰਾਂ ਨਿੱਕਲਣ
ਸ਼ਰਮਾਕਲ ਗਰਦਨਾਂ ਨਾਲ
ਰਾਤੋ ਰਾਤ ਹਰੇ ਪੱਤੇ ਕੱਢਣ, ਜਾਣ ਡੋਡੀਆਂ ਨਾਲ ਸ਼ਿੰਗਾਰ
ਫੁੱਟ ਫੁੱਟ ਨਿੱਕਲੇ ਰੂਪ ਫੁੱਲਾਂ ਦਾ ਪੀਲਾ, ਪਿਆਜੀ , ਜਾਮਨੀ,
ਚਿੱਟਾ, ਲਾਖਾ ਤੇ ਗੁਲਨਾਰ ।
ਹੱਸਦੀ, ਟੱਪਦੀ 'ਵਾ ਵੀ ਆ ਜਾਏ ਖੇਡ੍ਹਣ ਇਹਨਾਂ ਨਾਲ ।
ਭੌਰੇ ਤੇ ਤਿੱਤਲੀਆਂ ਵੀ ਆਵਣ, ਲੁੱਟਣ ਮੌਜ ਬਹਾਰ
ਝੁਕ ਝੁਕ ਕੇ ਤੂੰ ਪੱਤੀਆਂ ਛੂਹੇਂ, ਦਿਲ ਭਰ ਤਕੇਂ, ਸੁੰਘੇਂ, ਮੁਸਕਾਏਂ
ਤੇ ਉਮੜੇ ਮਨ ਅੰਦਰ ਇੱਕ ਦੂਜੇ ਲਈ
ਇੱਕ ਅਸੀਮ ਪਿਆਰ, ਤੇ ਇੱਕ 'ਤਬਾਰ ।
ਰੰਗ, ਖੁਸ਼ੀਆਂ ਨਾਲ ਭਰ ਦੇਵਾਂ ਮੈਂ ਤੇਰਾ ਉਜੜਿਆ ਵਿਹੜਾ
ਬੇ-ਰੰਗ ਤੇ ਬੇ-ਨੂਰ ਵਿਹੜਾ, ਪੱਥਰ ਤੇ ਇੱਟਾਂ ਦਾ ਵਿਹੜਾ
ਸੱਜਣ ਤੇਰੇ ਵਿਹੜੇ ਦੀ ਜੇ ਮੈਂ ਮਿੱਟੀ ਹੋਵਾਂ
ਤੇ ਤੂੰ ਹੋਵੇਂ ਇਹਦਾ ਮਾਲੀ, ਇਹਦਾ ਪਾਲਣਹਾਰ ।

ਮਨੋਰੰਜਨ ਦੇ ਤਰੀਕੇ

ਤੂੰ ਮੈਨੂੰ ਜੀ ਭਰ ਕੇ ਬਰਬਾਦ ਕਰ
ਮੈਂ ਵੀ ਇਹਨੂੰ ਦਿਲ ਜਾਨ ਨਾਲ ਮਾਣਾਂਗੀ
ਸਿਰ ਪਟਕ ਪਟਕ ਕੇ ਰੋਵਾਂਗੀ
ਹਾਲੋਂ ਬੇਹਾਲ ਹੋ ਜਾਵਾਂਗੀ
ਤੇ ਰੱਬ ਅੱਗੇ ਵਾਸਤੇ ਪਾਵਾਂਗੀ ।
ਕਦੇ ਕਦੇ ਇਹ ਜ਼ਿੰਦਗੀ
ਮਨੋਰੰਜਨ ਦੇ ਆਪਣੇ ਹੀ ਤਰੀਕੇ ਲੱਭਦੀ ਹੈ
ਤੇ ਜੀਂਦੀ ਹੈ ।

3/17/13

ਬਾਪੂ

ਰਾਤ ਬਹੁਤ ਰੋਈ ਸੀ ਓਹ ਤੇਰਾ ਸੋਚ ਕੇ
ਪਰ ਮਿਲਣ 'ਤੇ ਨਜ਼ਰ ਝੁਕਾ ਲਈ ਸੀ ।
ਤੈਨੂੰ ਕੁੱਝ ਵੀ ਦੱਸਣ ਤੋਂ ਇੰਜ ਡਰਦੀ ਹੈ ਓਹ
ਜਿਵੇਂ ਬਾਪ ਨੂੰ ਕੋਈ ਦਿਲ ਦੀ ਗੱਲ ਦੱਸਣ ਦਾ ਸੋਚੇ ।

3/19/13

ਆਮ ਜਹੇ ਇਨਸਾਨ

ਜੇ ਕੋਈ ਮੁੰਡਾ ਜਾਂ ਕੁੜੀ ਸਕੂਲ ਜਾਣੋਂ ਹਟ ਗਿਆ ਹੈ
ਜੇ ਓਹ ਕੋਈ ਮਾੜਾ-ਮੋਟਾ ਕੰਮ ਕਰਦਾ ਹੈ
ਜੇ ਓਹ ਦੇਰ ਨਾਲ ਜਾਗ ਕੇ ਉੱਠਦਾ ਹੈ
ਜੇ ਓਹ ਕੁੱਝ ਅਵਾਰਾਗਰਦੀ ਕਰਦਾ ਹੈ
ਜੇ ਓਹ ਮਿੱਤਰਾਂ ਨਾਲ ਕੋਈ ਪਾਰਟੀ-ਸ਼ਾਰਟੀ ਕਰ ਲੈਦੈ
ਕੁੱਝ ਨੱਚ ਲੈਦੈ ਤੇ ਕੁੱਝ ਗਾ ਲੈਦੈ
ਤਾਂ ਤੂੰ ਐਵੇਂ ਨੱਕ ਨਾ ਚੜ੍ਹਾਇਆ ਕਰ
ਓਹ 'ਤੇ ਉਂਗਲਾਂ ਨਾ ਉੱਠਾਇਆ ਕਰ ।
ਸ਼ੁਕਰ ਮਨਾ, ਜੇ ਓਹ ਅੱਤਵਾਦੀਆਂ ਨਾਲ ਨਹੀਂ ਮਿਲਿਆ ਹੈ
ਵੱਖਵਾਦੀਆਂ ਨਾਲ ਨਹੀਂ ਮਿਲਿਆ ਹੈ
ਤੇ ਬੰਬਵਾਦੀਆਂ ਦਾ ਸਾਥੀ ਬਣ
ਅੱਧੀ ਦੁਨੀਆਂ ਨੂੰ ਮਿਟਾਉਣ ਦੇ ਮਨਸੂਬੇ ਨਹੀਂ ਘੜਦਾ ਹੈ ।
ਜ਼ਰੂਰੀ ਨਹੀਂ ਹਰ ਮੁੰਡੇ ਤੇ ਕੁੜੀ ਨੇ ਪੀਐਚ. ਡੀ ਹੀ ਕਰਨੀ ਹੈ
ਜਾਂ ਡੀ.ਸੀ ਹੀ ਲੱਗਣਾ ਹੈ ।
ਆਮ ਜਹੇ ਇਨਸਾਨ ਵੀ ਵਧੀਆ ਹੁੰਦੇ ਹਨ
ਤਾਰੀਫ਼ ਯਾਫ਼ਤਾ ਹੁੰਦੇ ਹਨ ।
ਤੂੰ ਵੀ, ਆਮ ਜਹੇ ਇਨਸਾਨਾਂ ਲਈ
ਕੁੱਝ ਚੰਗਾ ਸੋਚਣ ਦੀ ਆਦਤ ਪਾ
ਕੁੱਝ ਚੰਗਾ ਆਖਣ ਦੀ ਆਦਤ ਪਾ ।

3.23.13

ਫੁੱਲ, ਅੰਜੀਰਾਂ ਤੇ ਤੂੰ...

ਚਲੋ, ਮੈਂ ਸੋਚਿਆ, ਆਪਣੀ ਜ਼ਮੀਨ ਪੱਧਰ ਕਰ
ਫੁੱਲ ਤੇ ਅੰਜੀਰਾਂ ਬੀਜਦੇ ਹਾਂ
ਪਾਣੀ ਦੇ ਦੇ, ਇਨ੍ਹਾਂ ਨੂੰ ਉੱਡੀਕਦੇ ਹਾਂ
'ਤੇ ਫਿਰ, ਇੱਕ ਦਿਨ, ਮਨੋ ਤੇਰੇ ਨਾਲ ਉੱਬੇ ਘੁੰਮਦੇ ਹਾਂ
ਮੁੱਹਬਤ ਦੇ ਗੀਤ ਗਾਉਂਦੇ ਹਾਂ
ਜ਼ਿੰਦਗੀ ਦਾ ਜਸ਼ਨ ਮਨਾਉਂਦੇ ਹਾਂ ।
ਫੁੱਲ, ਅੰਜੀਰਾਂ ਤੇ ਤੂੰ...
ਕੀਹਨੇ ਆਖਿਆ ਸੀ
ਕਿ ਅਸੀਂ ਤੇਰੇ ਰਹਿਮ 'ਤੇ ਬੈਠੇ ਹਾਂ !
ਆਪਾਂ ਤਾਂ ਆਪਣੀ ਦੁਨੀਆਂ
ਖ਼ੁਦ ਹੀ ਸਿਰਜਦੇ ਹਾਂ
ਤੇ ਜੀਂਦੇ ਹਾਂ ।
ਹਾਂ, ਜੇ ਤੈਨੂੰ ਕਦੇ ਵਿਹਲ ਮਿਲੇ ਤਾਂ
ਜੇ ਤੇਰਾ ਕਦੇ ਮਨ ਹੋਵੇ ਤਾਂ
ਆ ਜਾਵੀਂ ।
ਨਹੀਂ ਤਾਂ, ਤੂੰ ਜੋ ਕਰਨਾ ਜੋ ਕਰਨਾ, ਕਰਦਾ ਰਹੁ
ਅਸੀਂ ਆਪਣੀ ਮੌਜ 'ਚ ਫ਼ਿਰਦੇ ਹਾਂ ।

3.24.13

ਓਹ ਜਦੋਂ ਨਿਰਸ਼ਬਦ ਹੋ ਜਾਂਦੀ ਹੈ

ਕਦੇ ਕਦੇ, ਓਹਦੇ ਅੰਦਰ ਇੱਕ ਵਾ-ਵਰੋਲਾ ਜਿਹਾ ਉੱਠਦਾ ਹੈ
ਜੋ ਬੇਚੈਨ ਤਾਂ ਕਰ ਜਾਂਦਾ ਹੈ
ਪਰ, ਜੀਹਦੇ ਇਜ਼ਹਾਰ ਲਈ ਓਹਨੂੰ ਸ਼ਬਦ ਨਹੀਂ ਨੇ ਮਿਲਦੇ !
ਸ਼ਬਦ ਜੋ ਫੁੱਲਾਂ ਦਾ ਹੁਸਨ,
ਰੰਗ ਤੇ ਮਹਿਕਾਂ ਦੱਸਣੋ ਅਸਮਰੱਥ ਹੋ ਜਾਂਦੇ ਹਨ
ਜੋ ਉੱਡਦੇ ਬੱਦਲਾਂ ਦੀ ਮੌਜ ਨੂੰ ਬੇਬੱਸ ਹੋ ਦੇਖਣ ਲੱਗਦੇ
ਜੋ ਓਸ ਦੇ ਮੋਤੀਆਂ ਵਿਚ ਲੁੱਟ ਹੋ ਜਾਣਾ ਦੱਸ ਨਈਂ ਸਕਦੇ ਹਨ
ਜੋ ਚੰਨ ਤੇ ਤਾਰਿਆਂ ਦੀ ਝਿਲਮਿਲਾਹਟ ਤੋਂ ਪਰੇਸ਼ਾਨ ਹੋ ਜਾਂਦੇ ਹਨ
ਜੋ ਸੂਰਜ ਨਾਲ ਗੱਲਾਂ ਕਰਦੇ ਹਨ, ਤੇ ਬਲਦੇ ਹਨ
ਜੋ ਵਹਿੰਦੇ ਦਰਿਆਵਾਂ ਨਾਲ ਵਹਿਣਾ ਚਾਹੁੰਦੇ ਹਨ
ਜੋ ਚਸ਼ਮਿਆਂ ਦੀ ਕਲ ਕਲ 'ਤੇ ਮਰਨਾ ਚਾਹੁੰਦੇ ਹਨ
ਜੋ, ਅਕਸਰ, ਬਹਾਰ ਵਿਚ ਵੀ ਵੀਰਾਨ ਹੋ ਜਾਂਦੇ ਹਨ
ਉਨ੍ਹਾਂ ਵਿਚ ਲਿਪਟੀ ਓਹ ਜਦੋਂ ਨਿਰਸ਼ਬਦ ਹੋ ਜਾਂਦੀ ਹੈ
ਤਾਂ ਮਰਨ ਤੋਂ ਵੀ ਵੱਧ ਮਰ ਜਾਂਦੀ ਹੈ ।

3.25.13

ਕੀ ਮੈਂ ਇਸ ਸੂਰਜ 'ਤੇ ਇਤਬਾਰ ਕਰਾਂ

ਕੀ ਮੈਂ ਇਸ ਸੂਰਜ 'ਤੇ ਇਤਬਾਰ ਕਰਾਂ !
ਕੀ ਅੱਖੀਆਂ ਇਹਦੇ ਸੰਗ ਚਾਰ ਕਰਾਂ ।
ਜਦ ਚਾਰ ਕੁ ਬੱਦਲ ਚੜ੍ਹ ਆਂਦੇ, ਚਿੱਤਕਬਰੀਆਂ ਮੂਰਤਾਂ ਵਾਹ ਦਿੰਦੇ ।
ਤਾਂ ਸੂਰਜ ਕਿੱਧਰੇ ਲੁਕ ਜਾਂਦੈ, ਨਾ ਹੋਇਆਂ ਵਰਗਾ ਹੋ ਜਾਂਦੈ ।
ਤਾਂ ਛਮ ਛਮ ਮੇਘਲਾ ਵੱਸਦਾ ਏ, ਇੰਦਰ ਦਾ ਘੋੜਾ ਨੱਸਦਾ ਏ
ਉਦੋਂ ਮੋਰ ਪੈਲਾਂ ਪਾਉਂਦੇ ਨੇ, ਮੋਰਨੀਆਂ ਦਾ ਮਨ ਭਰਮਾਉਂਦੇ ਨੇ ।
ਫਿਰ ਲੋਕ ਪੂੜੇ ਲਾਹੁੰਦੇ ਨੇ, ਤੇ ਜਵਾਕ ਦੁੜੰਗੇ ਲਾਉਂਦੇ ਨੇ ।
ਉਦੋਂ ਪੀਂਘ ਹੁਲਾਰੇ ਕੋਈ ਨਾਰ ਚੜ੍ਹੇ
ਤੇ ਇਸ਼ਕ ਨੂੰ ਪੰਜ ਭੱਠ ਤਾਪ ਚੜ੍ਹੇ ।
ਤਾਂ ਧੁੱਪ ਦੇਖਣ ਨੂੰ ਮਨ ਤਰਸਦਾ ਏ
ਤੇ ਭਿੱਜ ਭਿੱਜ ਕੇ ਮਨ ਅੱਕਦਾ ਏ ।
ਕੋਈ ਪਰਨਾਲੇ ਹੇਠਾਂ ਗੁੱਡਾ ਦੱਬਦੀ ਏ
ਤੇ ਬੇਕਾਰ ਅਰਜੋਈਆਂ ਕਰਦੀ ਏ ।
ਜਦ ਗਲੀਏਂ ਚਿਕੜ੍ਹ ਹੋ ਜਾਂਦੈ, ਹਰ ਪਾਸੇ ਨੇਰ੍ਹਾ ਹੋ ਜਾਂਦੈ
ਤਾਂ ਮੈਂ ਵੀ ਡਿੱਗ ਉਦਾਸ ਹੋਵਾਂ, ਬਿਰਹਾ ਦੀ ਅੱਗ 'ਚ ਜਲ ਮਰਾਂ ।
ਮੂੰਹ ਚੁੱਕ ਚੁੱਕ ਅਰਸ਼ਾਂ ਵੱਲ ਤੱਕਾਂ, ਤੇ ਹੰਝੂ ਹਾਵਿਆਂ ਵਿਚ ਡੁੱਬਾਂ ।
ਪਰ ਤਾਂ ਵੀ ਇਹ ਸਾਰ ਨਾ ਲੈਂਦਾ ਏ, ਤਾਂ ਵੀ ਇਹ ਨਾ ਪਰਤਦਾ ਏ ।
ਨੀ ਮੈਂ ਕੀ ਇਹਦਾ ਇਲਾਜ਼ ਕਰਾਂ
ਕੀ ਇਸ ਸੂਰਜ 'ਤੇ ਇਤਬਾਰ ਕਰਾਂ !

3.20.13

ਇੱਕ ਫੁੱਲ

ਫੁੱਲ ਨੂੰ ਕੱਢੋ ਗਾਲਾਂ
ਲਾਵੋ ਓਹਦੇ 'ਤੇ ਤੂਹਮਤਾਂ
ਕਿ ਓਹ ਸੋਹਣਾ ਕਿਓਂ ਹੈ
ਕਿ ਓਹ ਸ਼ੋਖ਼ ਕਿਓਂ ਹੈ
ਕਿ ਓਹ ਟਹਿਕਦਾ ਕਿਓਂ ਹੈ
ਕਿ ਓਹ ਮਹਿਕਦਾ ਕਿਓਂ ਹੈ ।
ਫੁੱਲ ਨੂੰ ਨਫ਼ਰਤ ਦੀ ਤਪਸ਼ ਦੇਓਂਗੇ
ਤਾਂ ਓਹ ਸਿਰ ਸੁੱਟ ਮੁਰਝਾ ਜਾਏਗਾ ।
ਪਰ ਕਿਸੇ ਇੱਕ ਦੇ ਪਿਆਰ ਦੀਆਂ ਬੂੰਦਾਂ ਨਾਲ
ਓਹ ਮੁੜ ਸਿਰ ਚੁੱਕੇਗਾ
ਤੇ ਮੁੜ ਆਪਣੇ ਆਪ 'ਚ ਆ ਜਾਏਗਾ ।
ਬੇਸ਼ੱਕ, ਇੱਕ ਦਿਨ,
ਇੱਕ ਪਲ ਲਈ ਹੀ ਸਹੀ
ਓਹ ਆਪਣੇ ਰੂਪ,
ਆਪਣੇ ਰੰਗ
ਤੇ ਆਪਣੀਆਂ ਮਹਿਕਾਂ ਨਾਲ
ਤੁਹਾਡੇ 'ਤੇ ਨਿਛਾਵਰ ਹੋ ਜਾਏਗਾ ।

3.29.13

ਜ਼ਿੰਦਗੀ ਤੇ ਪਾਣੀ

ਹਾਏ ਰੱਬਾ ! ਕਦੇ ਕਦੇ, ਤੂੰ ਪਾਣੀ ਦੀ ਪਿਆਸ ਜਿੰਨਾ ਯਾਦ ਆਉਂਦਾ ਹੈਂ
ਤੇ ਮੱਛਲੀ ਵਾਂਗ ਤੜਫ਼ਾਉਂਦਾ ਹੈਂ ।
ਬੱਸ, ਪਿਆਸਾ ਹੀ ਜਾਣੇ
ਬਿਨ ਪਾਣੀਓ ਤੜਫਣ ਦਾ ਮਤਲਬ
ਮਰਨ ਦਾ ਮਤਲਬ ।
ਤੇ ਪਾਣੀ, ਜੋ ਜੀਵਨ ਦਾਤਾ ਹੈ
ਬੇਜਾਨ ਹੈ ।
ਬੱਸ, ਜ਼ਿੰਦਗੀ ਇਹਦੇ ਵਿਚ ਜੀਂਦੀ ਹੈ
ਤੇ ਬਿਨਾ ਏਸ ਤੋਂ ਮਰਦੀ ਹੈ ।
ਜ਼ਿੰਦਗੀ ਤੇ ਪਾਣੀ
ਇੱਕ ਦੂਜੇ ਨਾਲ ਖੇਡਦੇ ਹਾਣੀ
ਇੱਕ ਮੌਜ ਲਈ
ਤੇ ਦੂਜਾ ਜੀਣ ਲਈ ।
ਫਿਰ ਇੰਜ ਹੀ ਤਾਂ ਹੋਣਾ ਹੁੰਦਾ ਹੈ
ਕਿ ਇੱਕ ਲਾ-ਪ੍ਰਵਾਹ ਹੋ ਖੇਡਦਾ ਹੈ
ਤੇ ਦੂਜਾ ਖੇਡਦਾ ਹੈ ਤੇ ਮਰਦਾ ਹੈ
ਜ਼ਿੰਦਗੀ ਤੇ ਪਾਣੀ ।

3.31.13

ਮਿਲਣ ਦਾ ਜੇਰਾ ਕਿੰਜ ਕਰਾਂ !?

ਜੀਹਦਾ ਸੋਚਿਆਂ ਹੀ ਬਲ ਉੱਠਦਾ ਹੈ ਮੇਰੀ ਤੀਬਰਤਾ ਦਾ ਸੂਰਜ ਏਨਾ
ਕਿ ਪਿਘਲ ਜਾਂਦੀ ਹੈ ਮੇਰੇ ਸਬਰ ਦੀ ਇੱਕ ਇੱਕ ਫੁੱਲ ਪੱਤੀ
ਤਾਂ ਮੈਂ ਓਹਨੂੰ ਮਿਲਣ ਦਾ ਜੇਰਾ ਕਿੰਜ ਕਰਾਂ ! ?

ਇੰਜ ਹੀ ਇਨ੍ਹਾਂ ਡਰਾਮਿਆਂ ਵਿਚ

ਚਟੱਕ ਚਟੱਕ ਕੇ ਤਾਰੇ ਟੁੱਟ ਕੇ ਓਹਦੇ ਵਿਹੜੇ ਜਾ ਡਿੱਗੇ
ਖਾਲੀ ਚੰਨ ਕਟੋਰਾ ਚੁੱਕੀ, ਮੈਂ ਆਪਣੇ ਘਰ ਨੂੰ ਮੁੜ ਆਈ ।

ਗਈ ਭੰਬਤਰ ਸੁੰਨੀ ਰੈਨਾ ਰੋ ਰੋ ਕੇ ਪੁਕਾਰੇ
ਕੋਈ ਭਰੇ ਓਹਦੀ ਖਾਲੀ ਝੋਲੀ, ਕੋਈ ਕਿਤੋਂ ਚਿਣਗ ਲਿਆਵੇ ।

ਫਿਰ ਨੇਰ੍ਹੇ ਵਿਚ ਲੜਖੜਾਉਂਦੀ ਸੂਰਜ ਦੇ ਵੱਲ ਤੁਰ ਪਈ
ਤੁਰਦੀ ਤੁਰਦੀ ਖੌਰੇ ਕਿਹੜੀਆਂ ਖੱਡਾਂ ਦੇ ਵਿਚ ਡਿੱਗ ਪਈ ।

ਆਇਆ ਦਨਦਨਾਉਂਦਾ ਸੂਰਜ ਕਿਰਨਾਂ ਦਾ ਤਾਜ ਪਾਈ
ਚੱਲੀ ਪੌਣ ਸੱਵਲੀ, ਮਹਿਕੀ ਤੇ ਚਿੜੀਆਂ ਰੌਣਕ ਲਾਈ ।

ਖਲਕਤ ਤੁਰ ਪਈ ਕੰਮੀ ਕਾਰੀਂ ਜ਼ਿੰਦਗੀ ਹਰਕਤ ਵਿਚ ਆਈ
ਤੂੰ ਵੀ ਜੀ ਲੈ, ਤੂੰ ਵੀ ਜੀ ਲੈ ਲੁੱਟ ਲਵੋ ਇਹ ਦਿਨ ਭਾਈ ।

ਓਹ ਜੋ ਰਾਤ ਡਰਾਮਾ ਹੋਇਆ, ਹੁਣ ਓਹ ਨਾ ਸੀ ਕਿਸ ਕੰਮੇ
ਚੰਨ ਤੇ ਤਾਰਿਆਂ ਦੇ ਅਰਥ ਤੇ ਅਹਿਮੀਅਤ ਹੋਏ ਸਭ ਨਿਕੰਮੇ ।

ਇੰਜ ਹੀ ਫਿਰ ਰਾਤ ਨੇ ਆਉਣੈ ਲਾਉਣਾ ਦਿਨ ਨੂੰ ਥੱਲੇ
ਇੰਜ ਹੀ ਫਿਰ ਤਾਰਿਆਂ ਨੇ ਟੁੱਟਣਾ ਹੋ ਕੇ ਕੱਲੇ ਕੱਲੇ

ਫਿਰ ਮੈਂ ਚੰਨ ਕਟੋਰਾ ਚੁੱਕੀ ਆਪਣੇ ਘਰ ਨੂੰ ਜਾਣਾ
ਇੰਜ ਹੀ ਇਨ੍ਹਾਂ ਡਰਾਮਿਆਂ ਵਿਚ ਰਾਤ ਦਿਨਾ ਲੰਘ ਜਾਣਾ
ਜ਼ਿੰਦਗੀ ਨੇ ਲੰਘ ਜਾਣਾ ।

4.2.13

ਓਹਦੀਆਂ ਗੱਲਾਂ

ਓਹ ਗੱਲਾਂ ਬੜੀਆਂ ਸੋਹਣੀਆਂ ਕਰਦਾ ਹੈ
ਓਹ ਗੱਲਾਂ ਹੀ ਤਾਂ ਸੋਹਣੀਆਂ ਕਰਦਾ ਹੈ ।
ਓ ਬਈ, ਸੋਹਣੀਆਂ ਗੱਲਾਂ ਤਾਂ ਗੂਗਲ ਵੀ ਬੜੀਆਂ ਕਰਦਾ ਹੈ
ਤੂੰ ਓਹਨੂੰ ਵੀ ਮਿੱਸ ਕਰਿਆ ਕਰ
ਤੇ ਓਹਦੇ ਲਈ ਵੀ ਰੋਇਆ ਕਰ ।
ਜਾਂ ਫਿਰ ਜਾਣ ਲੈ ਕਿ
ਇੱਕ ਚਤੁਰ ਗਾਲੜੀ ਲਈ ਮਰਦੇ ਰਹਿਣ 'ਚ
ਕਿੰਨੀ ਕੁ ਸਿਆਣਪ ਹੁੰਦੀ ਹੈ...

4.2.13

ਕਲਾਕਾਰ ਵਿਚਾਰਾ

ਓਹ ਤੂੰ ਐਵੇਂ ਸਾਡੇ ਫੁੱਲ ਵਾਲੀਂ ਨਾ ਲਾਇਆ ਕਰ
ਤੇ ਸਾਨੂੰ ਐਵੇਂ ਨਾ ਭਰਮਾਇਆ ਕਰ ।
ਅਸੀਂ ਸਿੱਧੜ ਜਹੇ ਸੁਭਾ ਦੇ ਹਾਂ
ਤੇ ਤੇਰੀਆਂ ਗੱਲਾਂ ਵਿਚ ਆ ਜਾਂਦੇ ਹਾਂ ।
ਫਿਰ ਜਦ ਭੁਲੇਖੇ ਪਾ ਤੂੰ ਤੁਰ ਜਾਂਦਾ ਹੈਂ
ਤੇ ਆਪਣੇ ਘਰ ਮੁੜ ਜਾਂਦਾ ਹੈਂ
ਤਾਂ ਅਸੀਂ ਤੇਰੀਆਂ ਯਾਦਾਂ ਨਾਲ ਜੀਂਦੇ ਰਹਿੰਦੇ ਹਾਂ
ਤੇ ਤੇਰੇ ਲਈ ਮਰਦੇ ਰਹਿੰਦੇ ਹਾਂ ।
ਤੂੰ ਤਾਂ ਇੰਜ ਹੈਂ ਜਿਵੇਂ ਕੋਈ ਸ਼ੋਅ ਦੇਖ ਘਰ ਤੁਰ ਜਾਏ
ਤੇ ਕਲਾਕਾਰ ਵਿਚਾਰਾ, ਭੁੱਲ ਜਾਏ
ਕਿ ਨਾਟਕ ਤਾਂ ਮੁੱਕ ਚੁੱਕਾ ਸੀ ।
ਤੇ ਓਹ ਇੱਕ ਮੁੱਦਤ ਤੱਕ, ਆਪਣਾ ਪਾਰਟ ਕਰਦਾ ਜਾਏ
ਤੇ ਕਰਦਾ ਜਾਏ...

4.3.13

ਯਾਦਾਂ

ਯਾਦਾਂ ਦੀ ਉਮਰ ਤੁਹਾਡੀ ਉਮਰ ਜਿੰਨੀ ਹੀ ਕਿਓਂ ਹੁੰਦੀ ਹੈ !
ਕਿਓਂ ਇਹ ਚੰਦਰੀਆਂ ਲੱਕੜਾਂ ਨਾਲ ਹੀ ਜਲਦੀਆਂ ਹਨ ।
ਯਾਦਾਂ ਜਿਵੇਂ ਕੋਈ ਸੌਕਣਾ ਹੋਣ ਜੋ ਰਾਤ ਦਿਨੇ
ਤੁਹਾਨੂੰ ਕੋਹ ਕੋਹ ਨੋਚਣ, ਭੰਡਣ, ਨਿੰਦਣ
ਤੇ ਪਿੱਛਾ ਨਾ ਛੱਡਣ ।
ਤੇ ਕਦੇ ਕਦੇ, ਕੁੱਝ ਗੱਲਾਂ ਤੋਂ ਹਸਾ ਵੀ ਛੱਡਣ
ਖੈਰ, ਹਰ ਗੱਲ ਦਾ ਕਦੇ ਅਖ਼ੀਰ ਤਾਂ ਹੁੰਦਾ ਹੈ
ਤੇ ਇਨ੍ਹਾਂ ਦਾ ਤੁਹਾਡੇ ਅੰਤਿਮ ਸਾਹਾਂ ਨਾਲ ।
ਜਿਸਮ ਤੇ ਯਾਦਾਂ
ਜ਼ਿੰਦਗੀ ਤੇ ਯਾਦਾਂ
ਰੰਗ-ਤਮਾਸ਼ੇ
ਖੇਲ-ਤਮਾਸ਼ੇ
ਹੰਝੂ ਤੇ ਹਾਸੇ
– ਯਾਦਾਂ ।

ਨਿੱਕੇ ਕਦਮ, ਨਿੱਕੇ ਰਸਤੇ

ਸ਼ੀਸ਼ਾ ਦੇਖਦਿਆਂ ਅੱਜ ਫੇਰ ਯਾਦ ਆਇਆ ਕਿ
ਗੁਆਂਢੀ ਚੀਨੂ ਦੀ ਮਾਂ ਮੈਥੋਂ ਗੋਰੀ ਏ
ਤਾਹੀਓਂ ਤਾਂ ਓਹਦਾ ਘਰਵਾਲਾ ਓਹਦੇ ਲਈ ਫੁੱਲ ਲਿਆਉਂਦਾ ਏ
ਤੇ ਓਹਨੂੰ ਪਾਰਟੀਆਂ ਵਿਚ ਲਿਜਾਂਦਾ ਏ ।
ਕਲੰਡਰ 'ਤੇ ਪਾਰਵਤੀ ਦਾ ਲੱਕ ਮੇਰੇ ਤੋਂ ਪਤਲਾ ਏ
ਤਾਹੀਓਂ ਤਾਂ ਸ਼ਿਵ ਓਹਦੇ ਨਾਲ ਤਾਂਡਵ ਨੱਚਦਾ ਏ ।
ਜੇ ਮੇਰਾ ਕੱਦ ਹੇਮਾ ਵਰਗਾ ਹੁੰਦਾ ਤਾਂ
ਮੈਂ ਵੀ ' ਸ਼ੋਲੇ ' ਦੀ ਬਸੰਤੀ ਬਣ ਸਕਦੀ ਸਾਂ
ਤੇ ਕਿਸੇ ਧਰਮਿੰਦਰ ਨੂੰ ਵਿਆਹ ਸਕਦੀ ਸਾਂ ।
ਮੇਰੀਆਂ ਅੱਖਾਂ ਵਹੀਦਾ ਦੀਆਂ ਅੱਖਾਂ ਹੁੰਦੀਆਂ ਤਾਂ
ਬਣਦੀ ਮੈਂ ਕਿਸੇ ਗੁਰੂ ਦੱਤ ਦੀ ਨਾਇਕਾ
ਜਾਂ ਕਿਸੇ ਰਾਜੂ ਦੀ ਮਸ਼ੂਕਾ ।
ਪਰ ਮੈਂ ਤਾਂ ਆਮ ਜਹੀ ਇੱਕ ਔਰਤ ਹਾਂ
ਏਸ ਲਈ, ਨਿੱਕੇ ਨਿੱਕੇ ਕਦਮਾਂ ਨਾਲ
ਨਿੱਕੇ ਰਸਤਿਆਂ 'ਤੇ ਤੁਰਦੀ ਹਾਂ ।

4.5.13

ਇੰਜ ਮਿਲਿਆ ਸੀ ਤੂੰ

ਧੁੰਦ 'ਚ ਬਣਦੀ ਤੇ ਮਿਟਦੀ
ਯਾਦਾਂ ਦੀ ਪ੍ਰਛਾਈਂ ਸਿਰਫ ਮੇਰੀ ਏ ।
ਤੂੰ ਤਾਂ ਇੰਜ ਆਇਆ ਸੀ
ਜਿਵੇਂ ਪਾਣੀ 'ਤੇ ਇੱਕ ਲਹਿਰ ਬਣੇ
ਤੇ ਮਿਟ ਜਾਏ
ਜਿਵੇਂ ਹਵਾ ਵਿਚ ਇੱਕ ਤੀਲ੍ਹਾ
ਲੜਖੜਾਏ ਤੇ ਕਿਤੇ ਡਿੱਗ ਜਾਏ
ਜਿਵੇਂ ਅੰਬਰ 'ਤੇ ਕੋਈ ਪੰਛੀ ਉੱਡਦਾ
ਚਹਿਚਹਾਉਂਦਾ ਲੰਘ ਜਾਏ
ਜਿਵੇਂ ਕਿਸੇ ਰਾਹ 'ਤੇ ਤੁਹਾਨੂੰ ਵੇਖ ਕੇ
ਕੋਈ ਮੁਸਕ੍ਰਾਏ ਤੇ ਫ਼ਿਰ ਅੱਖੋਂ ਓਹਲੇ ਹੋ ਜਾਏ
ਜਿਵੇਂ ਰਾਤ ਦੇ ਹਨੇਰੇ ਵਿਚ
ਇੱਕ ਤਾਰਾ ਨਿੱਕਲੇ ਤੇ ਫਿਰ ਬੱਦਲਾਂ ਵਿਚ ਅਲੋਪ ਹੋ ਜਾਏ
ਜਿਵੇਂ ਬਾਗਾਂ ਦੇ ਵਿਚ ਫੁੱਲ ਖਿੜਨ ਤੇ ਮਹਿਕਾਂ ਵੰਡਣ
ਪਰ ਝੱਟ ਪਲਾਂ ਵਿਚ ਸਭ ਕੁੱਝ ਹੀ ਉੱਜੜ ਜਾਏ
ਇੰਜ ਮਿਲਿਆ ਸੀ ਤੂੰ ।

ਮੈਨੂੰ ਭੁੱਲਣ ਦੀ ਸੌਂਹ ਦੇ ਜਾ

ਮੈਨੂੰ ਅੱਜ ਭੁੱਲਣ ਦੀ ਸੌਂਹ ਦੇ ਜਾ
ਤੇ ਚਲਿਆ ਜਾਹ ।
ਆਹ ਤੇਰੇ ਨਿੱਤ ਦੇ ਨਵੇਂ ਡਰਾਮਿਆਂ ਤੋਂ ਮੈਂ ਅੱਕ ਚੁੱਕੀ ਹਾਂ
ਤੇ ਥੱਕ ਚੁੱਕੀ ਹਾਂ ।
ਹਵਾ 'ਚ ਖੜਕਦੇ ਪਿੱਪਲ ਪੱਤੇ
ਓਸ ਨਗੀਨੇ ਸੰਗ ਸਵੇਰ
ਨਿੱਕੇ ਖੇਡ ਤਮਾਸ਼ੇ ਬੱਦਲ
ਫੁੱਲ ਪੱਤੀਆਂ 'ਚੋਂ ਕਿਰਦੇ ਰੰਗ
ਕਹਿਰ ਢਾਹੁੰਦੀਆਂ ਚੰਨ ਦੀਆਂ ਰਿਸ਼ਮਾਂ
ਤਾਰਾ ਲੀਕ 'ਤੇ ਤੇਰਾ ਨਾਅ
ਤਲਿਸਮ ਦਾ ਵੀ ਜ਼ੁਲਮ ਗਵਾਹ ।
ਲੈ ਜਾ ਇਹ ਸਭ ਆਪਣੇ ਸੰਗ
ਤੇ ਚਲਿਆ ਜਾਹ ।
ਮੈਨੂੰ ਅੱਜ ਭੁੱਲਣ ਦੀ ਸੌਂਹ ਦੇ ਜਾ
ਤੇ ਚਲਿਆ ਜਾਹ ।

4.9.13

ਅੱਜ ਮੇਰਾ ਇਹ ਜੀ ਕਰਦਾ ਏ

ਅੱਜ ਮੇਰਾ ਇਹ ਜੀ ਕਰਦਾ ਏ ਕਿ
ਸੱਪ ਦੀ ਕੁੰਜ ਦੇ ਲੀੜੇ ਪਾਵਾਂ ।
ਅੱਕ ਕੁੱਕੜੀਆਂ ਦੇ ਹਾਰ ਬਣਾ ਕੇ
ਛਾਤੀ, ਧੌਣ ਤੇ ਲੱਕ ਸਜਾਵਾਂ ।
ਪੈਰੀਂ ਬੰਨ੍ਹਾਂ ਕੌਡੀਆਂ ਤੇ ਘੁੰਗਰੂ
ਕੌੜ ਤੁੰਬੇ ਦਾ ਟਿੱਕਾ ਲਾਵਾਂ ।
ਹੱਥੀਂ ਲਾਵਾਂ ਅੱਗ ਦੀ ਮਹਿੰਦੀ
ਬਾਹਾਂ 'ਤੇ ਸਪੋਲੀਏ ਵਾਹਾਂ ।
ਖਿੱਚਾਂ ਲੰਮੀ ਧਾਰ ਕੱਜਲ ਦੀ
ਸੂਰਜ ਕਿਰਨਾਂ ਝਿੱਮਣੀ ਚਿੱਪਕਾਵਾਂ ।
ਵਾਲੀਂ ਟੰਗਾਂ ਕੁੱਝ ਥੋਹਰ ਕਲਿੱਪਾਂ
ਕੰਨੀਂ ਗਿਟਕਾਂ ਦੇ ਝੁਮਕੇ ਪਾਵਾਂ ।
ਬੁੱਲੀਂ ਮਲਾਂ ਦੰਦਾਸਾ ਮਿੱਟੀ
ਮੂੰਹ 'ਤੇ ਬੱਦਲੀ ਪੋਚਾ ਲਾਵਾਂ ।
ਤੇ ਫ਼ਿਰ, ਤਾਂਡਵ ਨੱਚਦੀ
ਤੇ ਬਿਜਲੀਆਂ ਹੱਸਦੀ
ਅੱਜ ਮੈਂ ਬ੍ਰਹਿਮੰਡ ਵਿਆਹੁਣ ਜਾਵਾਂ ।

4.9.13

ਮੇਰੇ ਸ਼ਬਦਾਂ ਵਿਚ

ਮੇਰੇ ਸ਼ਬਦਾਂ ਵਿਚ ਤੇਰਾ ਵਹਿਣਾ
ਜਿਵੇਂ ਖ਼ੂਨ ਤੇ ਸਾਹ
ਜਿਵੇਂ ਤਿਹਾ ਮਾਰੇ ਲਈ ਪਾਣੀ
ਜਿਵੇਂ ਭੁੱਖਿਆਂ ਰੋਟੀ ਖਾਣੀ
ਜਿਵੇਂ ਫੁੱਲ ਤੇ ਸੂਰਜ ਦਾ ਰਿਸ਼ਤਾ
ਜਿਵੇਂ ਧਰਤੀ ਤੇ ਰੁੱਖ ਦਾ ਰਿਸ਼ਤਾ
ਜਿਵੇਂ ਸੋਹਣੀ ਤੇ ਝਨਾ
ਜਿਵੇਂ ਹੀਰ ਤੇ ਰਾਂਝੇ ਦੀ ਕਹਾਣੀ
ਜਿਵੇਂ ਗੁਰੂ ਤੇ ਓਹਦੀ ਬਾਣੀ
ਓ ਮੈਨੂੰ ਏਸ ਬੇਬਸੀ ਤੋਂ ਨਫ਼ਰਤ ਹੈ !

4.10.13

ਅਜੀਬ ਗੱਲ ਏ

ਤੇਰਾ ਸੋਚ
ਇੱਕੋ ਵੇਲੇ, ਮੇਰੇ ਪੈਰ
ਫੁੱਲਾਂ ਵਿਚ ਨੱਸਦੇ ਨੇ
ਭੱਜ ਬੱਦਲੀਆਂ ਫੜ੍ਹਦੇ ਨੇ
ਤੇ ਤਾਰਿਆਂ 'ਤੇ ਨੱਚਦੇ ਨੇ ।
ਪਰ, ਓਸੇ ਵੇਲੇ, ਮੈਨੂੰ ਚੜ੍ਹ ਜਾਂਦਾ ਏ
ਪੰਜ ਭੱਠ ਤਾਪ
ਝੁੱਲ ਜਾਂਦੀ ਮਨ ਇੱਕ ਹਨੇਰੀ
ਆਸ ਦਾ ਪੰਛੀ ਉੱਡ ਜਾਂਦਾ ਏ
ਤੇ ਲੜ ਜਾਂਦੈ ਮੈਨੂੰ ਫ਼ਨੀਅਰ ਨਾਗ ।
ਅਜੀਬ ਗੱਲ ਏ
ਕਿ ਇੱਕੋ ਵੇਲੇ, ਇਹ ਸਭ ਕੁੱਝ ਹੋ ਜਾਂਦਾ ਏ
ਇੱਕੋ ਵੇਲੇ ।

4.10.13

ਦੂਰ ਅੰਬਾਂ ਦੇ ਬਾਗੀਂ ਮਾਏ

ਦੂਰ ਅੰਬਾਂ ਦੇ ਬਾਗੀਂ ਮਾਏ, ਉੱਡੀ ਤੋਤਿਆਂ ਦੀ ਡਾਰ
ਨੀਲੇ-ਕੱਚ ਬਲੌਰੀ ਅੰਬਰ
ਸਾਵੇਂ ਘਾਹ ਪਤੰਗਾਂ ਉੱਡਣ
ਲੁੱਟੀਆਂ ਪੁੱਟੀਆਂ ਮਨ ਦੀਆਂ ਮੌਜਾਂ
ਖੇਡਣ ਕਮਲੇਹਾਰ
ਦੂਰ ਅੰਬਾਂ ਦੇ ਬਾਗੀਂ ਮਾਏ, ਉੱਡੀ ਤੋਤਿਆਂ ਦੀ ਡਾਰ ।
ਨੀ ਓਹ ਟਾਹਣੀਏਂ ਬਹਿ ਕੇ ਅੰਬੀਆਂ ਖਾਵਣ
ਲਟ-ਪਟ,ਲਟ-ਪਟ ਗੀਤ ਪਏ ਗਾਵਣ
ਚੁੰਝਾਂ ਦੇ ਵਿਚ ਚੁੰਝਾਂ ਪਾ ਕੇ
ਬਾਗ-ਬਹਿਸ਼ਤ 'ਚ ਮਨ ਪ੍ਰਚਾਵਣ
ਤੇ ਉੱਤੋਂ 'ਵਾ ਕਰਦੀ ਸਰਸ਼ਾਰ
ਦੂਰ ਅੰਬਾਂ ਦੇ ਬਾਗੀਂ ਮਾਏ, ਉੱਡੀ ਤੋਤਿਆਂ ਦੀ ਡਾਰ ।
ਨੀਝਾਂ ਲਾ ਮੈਂ ਤੱਕਦੀ ਥੱਕ ਗਈ
ਵਿਹੜੇ ਦੇ ਵਿਚ ਬੈਠੀ ਅੱਕ ਗਈ
ਬੇਬਸੀ ਵਿਚ ਜੀਉਂਦੀ ਮਰ ਗਈ
ਇੱਕ ਔਰਤ ਦੀ ਹੋਣੀ ਮਾਏ
ਕਿਓਂ ਬਣੀ ਮੇਰੀ ਪਹਿਰੇਦਾਰ
ਦੂਰ ਅੰਬਾਂ ਦੇ ਬਾਗੀਂ ਮਾਏ, ਉੱਡੀ ਤੋਤਿਆਂ ਦੀ ਡਾਰ ।
ਉੱਚੇ ਅਰਸ਼ ਤੇ ਰਹੀ ਤਮੰਨਾ ਦੀ
ਹੌਂਸਲਾ ਕਰ ਮੈਂ ਫੜ੍ਹ ਕੇ ਕੰਨੀ
ਪੱਬ ਉੱਠਾ ਜਦ ਦਿਲ ਦੀ ਮੰਨੀ
ਤਾਂ ਕੰਧਾਂ ਨਾਲ ਟਕਰਾ ਕੇ ਡਿੱਗੀ
ਭੁੱਲ੍ਹ ਗਈ ਸਾਂ ਕਿ ਤੇਰਾ ਵਿਹੜਾ
ਸੀ ਮੇਰਾ ਸੰਸਾਰ
ਦੂਰ ਅੰਬਾਂ ਦੇ ਬਾਗੀਂ ਮਾਏ, ਉੱਡੀ ਤੋਤਿਆਂ ਦੀ ਡਾਰ ।
ਸੰਸਕਾਰਾਂ ਦੀਆਂ ਮੇਰੇ ਪੈਰੀਂ ਕੜੀਆਂ

ਇੱਥੇ ਅਣਖ ਇਜ਼ੱਤ ਦੀਆਂ ਜ਼ਹਿਰਾਂ ਚੜ੍ਹੀਆਂ
ਅੱਗਾਂ ਵਿਚ ਲੱਖ ਹੂਰਾਂ ਸੜੀਆਂ
ਇੱਥੇ ਕੀਹਨੂੰ ਸਾਡੀ ਸਾਰ
ਦੂਰ ਅੰਬਾਂ ਦੇ ਬਾਗੀਂ ਮਾਏ, ਉੱਡੀ ਤੋਤਿਆਂ ਦੀ ਡਾਰ ।
ਮੇਰੇ ਹਵਾ-ਪਿਆਜੀ ਚੁੰਨੀ ਸਿਰ 'ਤੇ
ਸੋਹਣੀ ਨਿੱਖਰੀ ਆਭਾ ਸਿਰ 'ਤੇ
ਮੈਂ ਇਹ ਘੁੱਟ ਘੁੱਟ ਫੜ੍ਹ ਫੜ੍ਹ ਰੱਖਾਂ ਸਿਰ 'ਤੇ
ਪਤਾ ਨਹੀਂ ਮੈਂ ਕਿੰਨਾ ਚਿਰ
ਇੰਜ ਖ਼ੁਦ ਨਾਲ ਧੱਕਾ ਕਰਨਾ ਏ
ਤੇ ਦੂਜਿਆਂ ਲਈ ਜੀਣਾ ਏ
ਡਰ ਹੈ ਮੈਨੂੰ ਇੱਕ ਦਿਨ ਮਾਏ
ਮੈਂ ਉੱਡ ਜਾਣਾ ਤੋਤਿਆਂ ਨਾਲ
ਦੂਰ ਅੰਬਾਂ ਦੇ ਬਾਗੀਂ ਮਾਏ, ਉੱਡੀ ਤੋਤਿਆਂ ਦੀ ਡਾਰ ।

4.10.13

ਐ ਮਨ

ਐ ਮਨ, ਜਰਾ ਸੰਭਲ ਕੇ ਚੱਲ
ਰੋ ਰੋ ਕੇ ਓਹਨੂੰ ਐਵੇਂ ਨਾ ਚੰਭਲਾਇਆ ਕਰ
ਤੇ ਬੇ-ਵਜਹ ਹੀ ਖਾਸ ਨਾ ਬਣਾਇਆ ਕਰ ।
ਪਿਆਰ ਦੇ ਅਰਥ ਓਹਦੇ ਲਈ ਘੁਮੰਡ ਹੈ
ਤੂੰ ਓਹਨੂੰ ਹੋਰ ਚਾਰਾ ਨਾ ਪਾਇਆ ਕਰ
ਐ ਮਨ, ਜਰਾ ਸੰਭਲ ਕੇ ਚੱਲ.....

ਏਨੀ ਛੇਤੀ

ਕਦੇ ਸੋਚਦੀ ਸਾਂ : ਹਾਏ ! ਤੇਰੇ ਬਿਨ ਮੈਂ ਮਰ ਜਾਵਾਂਗੀ
ਹਰ ਚੀਜ਼ ਬੇ-ਅਰਥ ਹੋਏਗੀ
ਨਹੀਂ, ਨਹੀਂ, ਮੈਂ ਤੇਰੇ ਬਿਨ ਨਹੀਂ ਜੀ ਸਕਾਂਗੀ !
ਪਰ, ਹੁਣ, ਜਦ ਕਦੇ ਆ ਜਾਂਦਾ ਏ ਤੇਰਾ ਖ਼ਿਆਲ
ਤਾਂ ਮੈਂ ਸਿਰ ਝਟਕ ਕੇ ਸੋਚਦੀ ਹਾਂ :
ਕੀ ਮੈਂ ਸੱਚੀਂ ਭੁੱਲ ਗਈ ਹਾਂ ਏਨਾ ਤੈਨੂੰ
ਕਿ ਬੱਸ, ਕਦੇ ਕਦੇ ਹੀ ਤੇਰਾ ਸੋਚਦੀ ਹਾਂ
ਜਿਵੇਂ ਕਦੇ ਕਦਾਈਂ, ਮੈਨੂੰ ਆਉਂਦਾ ਹੈ ਉਸ ਮੁੰਡੇ ਦਾ ਖ਼ਿਆਲ
ਜਿਹੜਾ ਮੇਰੇ ਨਾਲ ਚੌਥੀ ਵਿਚ ਪੜ੍ਹਦਾ ਸੀ
ਕਿਵੇਂ ਰੁੱਕੇ ਲਿਖ ਲਿਖ ਮੇਰੇ ਵੱਲ ਸੁੱਟਦਾ ਰਹਿੰਦਾ ਸੀ
ਮੈਂ ਨਾ ਬਲਾਉਂਦੀ ਤਾਂ ਉਦਾਸ ਹੋ ਜਾਂਦਾ
ਖੀਸਾ ਭਰ ਕੇ ਲਿਆਂਦੇ ਬੇਰ, ਅੱਧਿਓਂ ਵੱਧ ਮੈਨੂੰ ਦੇ ਦਿੰਦਾ ਸੀ ।
ਚਿਰ ਪਹਿਲਾਂ ਕੋਈ ਹੋਈ ਕਹਾਣੀ
ਬੀਤੇ ਯੁੱਗ ਦੀਆਂ ਗੱਲਾਂ
ਜਾਂ ਕੋਈ ਸੁਪਨਾ...
ਹਾਏ ! ਤੂੰ ਤਾਂ ਹਾਲੇ ਕੱਲ ਹੀ ਮੈਨੂੰ ਮਿਲਿਆ ਸੀ
ਤੇ ਏਨੀ ਛੇਤੀਂ ਇੱਕ ਹੋਈ ਬੀਤੀ ਕਹਾਣੀ ਕਿਓਂ ਹੋ ਗਿਆਂ ਏਂ ?
ਕਿਸੇ ਸੁਪਨੇ ਜਿਹਾ ਕਿਓਂ ਹੋ ਗਿਆਂ ਏਂ ?

4.16.

ਤੇਰੀਆਂ ਤਸਵੀਰਾਂ

ਰੋਈ, ਹੰਝੂ ਪੂੰਝੇ, ਤੇ ਦਿਲ ਕਰੜਾ ਕਰ
ਲਾਹ ਦਿੱਤੀਆਂ ਕਮਰਿਆਂ ਦੀਆਂ ਕੰਧਾਂ ਤੋਂ
ਤੇਰੀਆਂ ਤਸਵੀਰਾਂ ।
ਪਰ ਮਨ ਅੰਦਰ ਇੱਕ ਕਮਰਾ ਏ
ਜਿੱਥੇ ਹੁਣ ਓਹ ਤੇਰੀਆਂ ਤਸਵੀਰਾਂ ਲੱਗ ਗਈਆਂ ਨੇ ।
ਤੇ ਮਨ ਦਾ ਕੈਮਰਾ
ਤੇਰੀਆਂ ਹੋਰ ਵੀ ਤਸਵੀਰਾਂ ਖਿੱਚ
ਨਿੱਤ ਓੱਥੇ ਲਾਉਂਦਾ ਰਹਿੰਦਾ ਏ ।
ਮੈਂ ਜ਼ਾਹਿਰਾ ਤੇਰੇ ਤੋਂ ਮੁਕਤ ਹੋ ਗਈ
ਪਰ ਮਨ ਦੇ ਇਨ੍ਹਾਂ ਕਮਰਿਆਂ ਵਿਚ
ਮੈਂ ਤੇਰੀਆਂ ਤਸਵੀਰਾਂ ਲਾ ਦੇਖਦੀ ਰਹਿੰਦੀ ਹਾਂ
ਤੇ ਨਵੀਆਂ ਖਿੱਚਦੀ ਰਹਿੰਦੀ ਹਾਂ ।

4.17.13

ਓਹ ਬਾਤਾਂ

ਕਿੰਨਾ ਮਾਸੂਮ ਜਿਹਾ ਸੀ ਓਹ ਮੁੰਡਾ
ਜਿਹੜਾ ਕਿੱਕਰ ਦੀ ਦਾਤਣ ਦੇ ਬਹਾਨੇ
ਨਾਲ ਮੈਨੂੰ ਦੇ ਜਾਂਦਾ ਸੀ ਰੁੱਕੇ ।
ਤੇ ਮੈਂ ਇਹ ਦੇਖ, ਹੱਸ ਹੱਸ ਕੇ ਦੂਹਰੀ ਹੋ ਜਾਣਾ ।
" ਭਰਾਵਾਂ ਅੱਗੇ ਇੰਜ ਨਹੀਂ ਏ ਹਸੀਦਾ ! "
ਮਾਂ ਨੇ ਆਪਣੀ ਤੱਸਲੀ ਲਈ
ਇਹ ਜੋ ਓਹਦੇ ਨਾਲ ਮੇਰਾ
ਭਰਾ ਦਾ ਰਿਸ਼ਤਾ ਬਣਾਇਆ ਸੀ
ਹਾਏ ਰੱਬਾ ! ਇਹਨੇ ਤਾਂ ਮੈਨੂੰ ਹੋਰ ਵੀ ਹਸਾਇਆ ਸੀ ।
ਏਨਾ ਕਿ ਮਾਂ ਨੇ ਅੱਕ ਕੇ ਕਹਿਣਾ,
" ਭਾਨਿਆ, ਆਹ ਤੇਰੀ ਭੈਣ ਤਾਂ ਕਮਲੀ ਆ
ਇਹਨੂੰ ਝਿੜਕਿਆ ਕਰ
ਚੌਵੀ ਘੰਟੇ ਦੰਦ ਕੱਢਦੀ
ਇਹ ਮੇਰੀ ਗੱਲ ਕਿੱਥੇ ਮੰਨਦੀ ਆ ! "
ਤੇ ਭਾਨੇ ਨੇ ਐਕਟਿੰਗ ਕਰ
ਮੇਰੇ ਵੱਲ ਜਦ ਘੂਰ ਕੇ ਤੱਕਣਾ
ਤਾਂ ਮੈਂ ਏਨਾ ਹੱਸਣਾ, ਏਨਾ ਹੱਸਣਾ
ਕਿ ਲੱਗਣਾ ਹੁਣ ਮੈਂ ਹੱਸ ਹੱਸ ਕੇ ਹੀ ਮਰ ਜਾਣਾ ਆ ।
ਭਾਨਾ ਖੌਰੇ ਕਿੱਥੇ ਹੈ ?
ਤੇ ਇੱਕ ਹੁੰਦੀ ਸੀ ਮੇਰੀ ਮਾਂ...
ਤੇ ਇੱਕ ਕਮਲੀ ਜਹੀ ਕੁੜੀ
ਜਿਹੜੀ ਹਰ ਗੱਲ 'ਤੇ ਹੱਸਣੋ ਨਹੀਂ ਹਟਦੀ ਹੁੰਦੀ ਸੀ
ਅੱਜ ਓਹ ਇਹ ਸਭ ਸੋਚ
ਉਨ੍ਹਾਂ ਹੋਈਆਂ ਬੀਤੀਆਂ ਬਾਤਾਂ 'ਤੇ
ਤੇ ਆਪਣੇ ਹੀ ਹਾਸਿਆਂ 'ਤੇ ਰੋ ਪੈਂਦੀ ਹੈ ।

4.18.13

ਓ ਮਾਂ

ਓ ਮਾਂ, ਜਿਹੜਾ ਮੈਂ ਬੂਟਾ ਲਾਇਆ ਸੀ
ਹੁਣੇ ਹੀ ਓਹਨੂੰ ਫੁੱਲ ਪਏ ਨੇ ।
ਜਿਵੇਂ ਤੂੰ ਚੰਗੇ ਰੌਅ ਮੁਸਕ੍ਰਾਉਂਦੀ ਸੀ
ਇਹ ਵੀ ਇੰਜ ਮੁਸਕ੍ਰਾਉਂਦੇ ਨੇ

ਮੇਰੇ ਬੈੱਡ ਰੂਮ ਦੀ ਬਾਰੀ 'ਚੋਂ ਰਾਤ
ਆ ਰਹੀ ਸੀ ਮਹਿਕਦੀ ਮਮਤਾ
ਮੈਨੂੰ ਲੋਰੀ ਦੇ ਸੁਲਾਉਂਦੀ
ਤੇ ਨਿੱਤ ਦੇ ਫ਼ਿਕਰਾਂ ਤੋਂ ਮੁਕਤ ਕਰਾਉਂਦੀ ।

ਦੋ ਦਿਨ ਦੀ ਲਾ-ਪਰਵਾਹੀ ਤੋਂ
ਭੁੱਲ ਗਈ ਸਾਂ ਮੈਂ ਇਹਨੂੰ ਪਾਣੀ ਦੇਣਾ
ਤਾਂ ਮੁਰਝਾ ਗਏ ਸਨ ਪੱਤੇ ਇਹਦੇ
ਝੁਕ ਗਈਆਂ ਸਨ ਟਾਹਣਾਂ ।
ਪਰ ਪਾਣੀ ਦਿੰਦਿਆਂ, ਝੱਟ ਪਲ ਵਿਚ,
ਰੁਮਕੀ ਹਰਿਆਲੀ, ਤੇ ਇਸ ਖਿਲਾਰ ਦਿੱਤੀਆਂ ਸਨ ਬਾਹਾਂ ।

ਜਿਵੇਂ ਜਦ ਮੈਂ ਵੀ ਤੇਰੀ ਪ੍ਰਵਾਹ ਨਹੀਂ ਸਾਂ ਕਰਦੀ
ਤਾਂ ਤੂੰ ਉਦਾਸ ਜਹੀ ਹੋ ਜਾਂਦੀ ਸੈਂ
ਫਿਰ ਮੇਰੇ ਮਾੜੇ ਜਹੇ ਪਿਆਰ 'ਤੇ
ਕਿੰਜ ਖਿੜ ਜਾਂਦੀ ਸੈਂ ।

ਕਿੰਨੀਆਂ ਥੋੜੀਆਂ ਲੋੜਾਂ ਨੇ ਇਸ ਬੂਟੇ ਦੀਆਂ
ਇਹਦੇ ਜੀਣ ਲਈ
ਇਹਦੀ ਹੋਂਦ ਲਈ
ਇਹਦੀ ਖੁਸ਼ੀ ਲਈ ।

ਇੱਕ ਗਮਲੇ ਵਿਚ,
ਦੋ ਕੁ ਕਟੋਰੇ ਮਿੱਟੀ ਪਾ
ਮੈਂ ਇਹ ਲਾ ਦਿੱਤਾ ਸੀ ।
ਤੇ ਹੁਣ, ਬੱਸ, ਕੌਲੀ ਕੁ ਪਾਣੀ ਨਿੱਤ ਪਾ ਦਿੰਦੀ ਹਾਂ
ਤੇ ਏਨੀ ਕੁ ਹੀ ਗੱਲ ਦੇ ਬਦਲੇ
ਇਹਨੇ ਹੁਣ ਮੇਰੇ ਬੂਹੇ ਕੋਲ, ਰੰਗ ਹੀ ਰੰਗ ਕਰ ਦਿੱਤਾ ਹੈ
ਤੇ ਮਹਿਕਾਂ ਨਾਲ, ਮੇਰਾ ਘਰ ਤੇ ਵਿਹੜਾ ਭਰ ਦਿੱਤਾ ਹੈ।

ਠੀਕ, ਉਵੇਂ ਜਿਵੇਂ ਜਦ ਮੈਂ ਤੈਨੂੰ
ਆਪਣੀ ਪਹਿਲੀ ਤਨਖਾਹ ਦਿੱਤੀ ਸੀ
ਤਾਂ ਤੂੰ ਫੁੱਲੀ ਨਹੀਂ ਸਮਾਉਂਦੀ ਸੀ
ਓਹ ਵੱਖਰੀ ਗੱਲ ਹੈ
ਕਿ ਓਹੀ ਪੈਸਿਆਂ ਦਾ ਤੂੰ ਮੇਰੇ ਲਈ ਨਵਾਂ ਸੂਟ ਲੈ ਆਈ ਸੀ
ਅਖੇ, 'ਮੇਰੀ ਧੀ ਪੁਰਾਣੇ ਕੱਪੜੇ ਪਾ ਪੜ੍ਹਾਉਣ ਜਾਂਦੀ ਚੰਗੀ ਨਹੀਂ ਲੱਗਦੀ ।'

ਓ ਮਾਂ, ਹੁਣ ਤੂੰ ਇੱਕ ਬੂਟੇ ਦਾ ਰੂਪ ਵਟਾ ਲਿਆ ਹੈ
ਤੇ ਮੇਰੇ ਨਾਲ, ਮੁੜ ਓਹੀ ਸੰਬੰਧ ਬਣਾ ਲਿਆ ਹੈ
ਇੱਕ ਦੂਜੇ ਨਾਲ ਪਿਆਰ ਦਾ ਪ੍ਰਵਾਹ ਦਾ ।

ਤੂੰ ਕਿੰਨਾ ਮਿੱਸ ਕਰਦੀ ਹੋਏਂਗੀ ਮੈਨੂੰ
ਜੋ ਹੁਣ ਇਸ ਬੂਟੇ ਦੇ ਰੂਪ 'ਚ
ਮੇਰੇ ਕੋਲ ਤੂੰ ਆ ਗਈ ਏਂ ।

ਤੇ ਮੈਂ ਵੀ ਖੌਰੇ ਕਿੰਨਾ ਮਿੱਸ ਕਰਦੀ ਸਾਂ ਤੈਨੂੰ
ਕਿ ਇੱਥੇ, ਆਪਣੀਆਂ ਨਜ਼ਰਾਂ ਦੀ ਸੇਧੇ
ਮੈਂ ਤੈਨੂੰ ਲਾ ਲਿਆ ਏ .....

4.18.13

ਤਾਂ ਕੀ ਕਰੋਂਗੇ ?

ਜਦ ਲਿਖੇ ਸ਼ਬਦਾਂ ਦਾ ਕੋਈ ਅਰਥ ਨਾ ਹੋਵੇ
ਜਦ ਆਖੀ ਗੱਲ ਹੋਵੇ ਮਨ ਪਰਚਾਵਾ
ਜਦ ਨੀਅਤ ਉੱਡਦਾ ਇੱਕ ਮੁਡ ਹੀ ਹੋਵੇ
ਤੇ ਤੁਸੀਂ ਇਹ ਸਭ ਜਾਣਦੇ ਹੋਵੋਂ
ਪਰ, ਫਿਰ ਵੀ, ਇਹ ਸੱਚ ਮੰਨਦੇ ਹੋਵੋਂ
ਤੇ ਇਹ ਵੀ ਜਾਣਦੇ ਹੋਵੋਂ
ਕਿ ਪਿਆਰ ਦੀ ਇਹ ਬੇਬਸੀ ਹੈ
ਤਾਂ ਕੀ ਕਰੋਂ ?

4.21.13

ਕਿਸ ਹਸਰਤ ਨਾਲ

ਇੱਕ ਕਦਮ ਵਧਾ ਕੇ
ਹੱਥ ਫੈਲਾਅ ਕੇ
ਤੇ ਝੁਕ ਕੇ
ਕਿਸ ਹਸਰਤ ਨਾਲ ਚੁੱਕੇ ਸਨ
ਉਸ ਹੀਰੇ ਤੇ ਮੋਤੀ
ਜੋ ਛੁਹਿਆਂ ਹੀ
ਪਾਣੀ ਪਾਣੀ ਹੋ ਗਏ
ਤੇ ਇਨ੍ਹਾਂ ਵਿਚ ਮਿਲ ਗਏ
ਓਹਦੇ ਆਪਣੇ ਹੰਝੂ ।

4.23.13

ਜੇ ਮੈਂ ਯੋਗਿਨੀ ਹੁੰਦੀ...

ਖ਼ੁਸ਼ੀ, ਬੱਦਲਾਂ ਸੰਗ ਉੱਡਦੀ ਆਉਂਦੀ ਏ
ਪਲ ਛਿਨਾ ਵਿਚ,
ਫਿਰ ਉਨ੍ਹਾਂ ਸੰਗ ਉੱਡ ਜਾਂਦੀ ਏ।
ਮੈਂ ਐਸੀ ਖ਼ੁਸ਼ੀ 'ਤੇ ਕੀ ਇਤਬਾਰ ਕਰਾਂ !
ਫ਼ਿਰ, ਕਾਹਦੇ 'ਤੇ ਇਤਬਾਰ ਕਰਾਂ ! ?
ਜੇ ਮੈਂ ਯੋਗਿਨੀ ਹੁੰਦੀ
ਤਾਂ ਉਮਰ ਭਰ,
ਇਨ੍ਹਾਂ ਬੱਦਲਾਂ ਦੀ ਗੁਲਾਮ ਨਾ ਹੁੰਦੀ ।
ਰਹਿੰਦੇ ਇਹ ਆਉਂਦੇ ਤੇ ਜਾਂਦੇ
ਪਰ ਰਹਿੰਦੀ ਮੈਂ
ਇਨ੍ਹਾਂ ਤੋਂ ਨਿਰਭਿੱਜ, ਨਿਰਲੇਪ
ਜੇ ਮੈਂ ਯੋਗਿਨੀ ਹੁੰਦੀ...

4.23.13

ਬੇੜਾ ਗਰਕ

ਚਾਕਲੇਟ ਰੰਗੇ ਲੋਕਾਂ ਨੂੰ
ਚਮੜੀ ਦਾ ਚਾਕਲੇਟ ਰੰਗ ਪਸੰਦ ਨਹੀਂ
ਪੱਕਿਆ ਰੰਗ
ਦਰਾਵੜੀ ਰੰਗ
ਅਫ਼ਰੀਕਨ ਰੰਗ
ਸਕਿੰਨ ਕੈਂਸਰ ਤੋਂ ਹਿਫ਼ਾਜ਼ਤੀ ਰੰਗ ।

ਉਨ੍ਹਾਂ ਨੂੰ ਖੁੰਬਾਂ ਦਾ ਰੰਗ ਪਸੰਦ ਹੈ
ਬਰਫ਼ੀ ਦਾ ਰੰਗ ਪਸੰਦ ਹੈ
ਦੁੱਧ ਦਾ ਰੰਗ ਪਸੰਦ ਹੈ
ਬਰਫ਼ ਵੀ ਪਸੰਦ ਹੈ
ਹੰਸ ਪਸੰਦ ਨੇ
ਤੇ ਚੀਨੇ ਕਬੂਤਰ ਵੀ ।

ਕੀ ਕਰੀਏ ਹੰਸਾਂ ਸੰਗ ਤੈਰਦੀਆਂ
ਕਾਲੀਆਂ ਤੇ ਲਾਖੀਆਂ ਬਤਖਾਂ ਦਾ
ਮੁਰਗਾਬੀਆਂ ਦਾ
ਚੀਨਿਆਂ ਸੰਗ ਉੱਡਦੇ ਸੁਰਮਈ ਕਬੂਤਰਾਂ ਦਾ
ਕਾਲੀ ਜ਼ਮੀਨ ਦਾ
ਮੀਂਹ ਵਾਲੇ ਬੱਦਲਾਂ ਦਾ
ਕਿੱਕਰਾਂ ਦਾ
ਰੁੱਖਾਂ ਦੀਆਂ ਛਾਵਾਂ ਦਾ
ਚਿੜੀਆਂ ਤੇ ਕਾਵਾਂ ਦਾ
ਦੁੱਧ ਵਾਲੀ ਚਾਹ ਤੇ ਕੌਫ਼ੀ ਦਾ
ਹੋਰ ਸੈਂਕੜੇ ਇੱਲ-ਬਲਾਵਾਂ ਦਾ ।

ਅਸਲ 'ਚ, ਇਹ ਜੋ ਰੰਗਾਂ ਦੇ ਪੁਆੜੇ ਨੇ
ਇਹ ਮਿਲਾਨਿਨ ਦੇ ਸਭ ਕਾਰੇ ਨੇ
ਕੋਈ ਮਸ਼ੀਨ ਮਿਲੇ ਤਾਂ ਚਮੜੀ 'ਚੋਂ
ਕੱਢ ਦੇਈਏ ਇਹ ਪੁਲੂਸ਼ਣ
ਤੇ ਚਿੱਟੀ ਖੰਡ ਹੋ ਜਾਈਏ
ਤੇ ਫੇਰ, ਹੋਣ ਦਾ ਜਸ਼ਨ ਮਨਾਈਏ
ਭੰਗੜੇ ਪਾਈਏ ...!

ਫੇਰ ਦੱਸੋ ਹੁਣ ਕੀ ਕਰੀਏ
ਇੱਕ ਤਾਂ ਬਾਇਓਲੌਜੀਕਲ ਐਵੋਲੂਸ਼ਨ ਦਾ ਵੀ ਪੰਗਾ ਹੈ ।
ਇਹਨੇ ਪਾਇਆ ਸਾਡੀਆਂ ਖ਼ਾਹਿਸ਼ਾਂ ਨੂੰ ਫੰਦਾ ਹੈ ।

ਓਏ ਆਹ ਦਰਾਵੜਾਂ ਨਾਲ ਜੇ ਸਾਡੇ ਮਾਪੇ ਸੁੱਤੇ ਨਾ ਹੁੰਦੇ
ਤਾਂ ਕਿਓਂ ਅਸੀਂ ਚਾਕਲੇਟ ਰੰਗੇ ਹੁੰਦੇ ?

ਓਏ, ਓਹ ਹਿਟਲਰ ਪਤੇ ਦਾ ਬੰਦਾ ਸੀ
ਆਰੀਅਨ ਨਸਲ ਦਾ ਆਸ਼ਕ ਸੀ
ਤੇ ਸਾਡੇ ਵਾਂਗੂੰ, ਗੋਰੇ ਰੰਗ ਦਾ ਉਪਾਸ਼ਕ ਸੀ ।

ਫੇਰ, ਹੁਣ ਦੱਸੋ ਹੁਣ ਕੀ ਕਰੀਏ
ਖ਼ੁਦ ਨੂੰ ਕਿੰਜ ਮਾਰ ਮੁਕਾਈਏ !
ਜਾਂ ਕਿਹੜੇ ਰੱਬ ਨਾਲ ਲੜੀਏ ?
ਜਾਂ ਜਿਧਰੋਂ ਆਏ ਸੀ ਸਾਡੇ ਵਡੇਰੇ
ਓਧਰ ਨੂੰ ਮੁੜ ਜਾਈਏ ?
ਇੰਜ ਮੁੜ ਗੋਰਾ ਰੰਗ ਵਟਾਈਏ
ਦਰਾਵੜਾਂ ਤੋਂ ਦੂਰ ਹੋ ਜਾਈਏ
ਤੇ ਚਾਕਲੇਟ ਚੰਮ ਤੋਂ ਪਿੱਛਾ ਛੁੜਾਈਏ ।

ਪਰ ਹੁਣ, ਸਾਡੀ ਕਿਸਮਤ ਵਿਚ ਇੱਕ ਹੋਰ ਅੜਿਆ ਕਿੱਲ ਹੈ

ਕਿ ਸਾਡੀ ਪੱਛਮ ਵਿਚ ਜੰਮੀ ਔਲਾਦ ਦਾ
ਇੱਕ ਦਕਿਆਨੂਸੀ ਨਜ਼ਰੀਆ ਹੈ
ਤੇ ਓਹ ਏਸ ਗੱਲ 'ਤੇ ਅਟੱਲ ਹੈ
ਕਿ ਸਭ ਰੰਗਾਂ ਦਾ ਆਪਣਾ ਆਪਣਾ ਕਾਰਣ ਹੈ
ਵਿਸ਼ੇਸ਼ਤਾ ਹੈ
ਸ਼ਿੰਗਾਰ ਹੈ ।
ਤੇ ਸਾਡੇ ਲਈ, ਇਹ ਡਾਢੇ ਫ਼ਿਕਰ ਦੀ ਗੱਲ ਹੈ ।
ਇਹ ਵਿਗੜੇ ਹੋਏ ਖ਼ਿਆਲਾਂ ਵਾਲੇ
ਮੂਰਖ ਤੇ ਭੋਂਡੂ ਬਚੇ
ਇਹ ਨਿੱਤ ਸਾਡੇ ਨਾਲ ਬਹਿਸਦੇ ਨੇ
ਤੇ ਏਸੇ ਗੱਲ ਤੋਂ ਲੜਦੇ ਨੇ
ਕਿ ਇਨ੍ਹਾਂ ਨੂੰ ਚਾਕਲੇਟ ਰੰਗ ਪਸੰਦ ਹੈ
ਅਫ਼ਰੀਕਨ ਰੰਗ ਪਸੰਦ ਹੈ ।
ਉਨ੍ਹਾਂ ਨੂੰ ਇਹ ਦੋਸਤ ਤੇ ਭਾਈਵੰਦ ਕਹਿੰਦੇ ਨੇ
ਤੇ ਨਾਲ ਬਹਿ ਖਾਂਦੇ- ਪੀਂਦੇ ਨੇ ।

ਤੇ ਉਲਟਾ ਸਾਨੂੰ ਫੈਸ਼ਿਸ਼ਟ ਫੈਸ਼ਿਸ਼ਟ ਕਹਿੰਦੇ ਨੇ
ਤੇ ਸਾਡੀ ਗੱਲ ਨਹੀਂ ਸੁਣਦੇ ਨੇ ।

ਹਾਏ ਓਏ ਰੱਬਾ ! ਲੱਗਦਾ, ਹੁਣ ਸਾਡਾ ਤਾਂ ਬੇੜਾ ਗਰਕ ਹੈ
ਬੱਸ, ਸਾਡਾ ਬੇੜਾ ਗਰਕ ਹੈ !!!

4.23.13

ਕਦੇ ਕਦੇ ਜੀ ਕਰਦਾ ਏ

ਕਦੇ ਕਦੇ ਜੀ ਕਰਦਾ ਏ :
ਇਹ ਸਾਰੇ ਚੰਨ ਸਿਤਾਰਿਆਂ ਨੂੰ
ਜ਼ਿੰਦਗੀ ਦੇ ਸਭ ਨਜ਼ਾਰਿਆਂ ਨੂੰ
ਰਿਸ਼ਤੇ ਤੇ ਤਖਤ ਹਜ਼ਾਰਿਆਂ ਨੂੰ
ਚੁੱਕ ਕੂੜੇ ਦੇ ਵਿਚ ਜਾ ਸੁੱਟਾਂ
ਤੇ ਬੋਧੀ ਰੁੱਖ ਹੇਠ ਜਾ ਬੈਠਾਂ ।

4.24.13

ਹੁਣ ਜਦੋਂ ਓਹ ਮਿਲਦਾ ਹੈ

ਡੱਬੀਦਾਰ ਕਮੀਜ਼ ਦੇ ਉਤਲੇ ਬਟਨਾ ਨੂੰ ਖੁੱਲ੍ਹੇ ਛੱਡ ਕੇ
ਪੱਟਾਂ ਨੂੰ ਘੁੱਟਦੀ ਜੀਨ ਪਾ ਕੇ
ਇਤਰ ਗੁਲਾਬ ਦੇ ਛਿੱਟੇ ਦੇ ਕੇ
ਮੂੰਹ ਕਰੀਮ ਨਾਲ ਲਿਸ਼ਕਾ ਕੇ
ਕਾਲੀ ਗਾਨੀ ਗਲ ਵਿਚ ਪਾ ਕੇ
ਸੱਤਰੰਗੇ ਫੀਤੇ ਨਾਲ ਗੁੱਟ ਸਜਾ ਕੇ
ਕੈਨਵਸ ਦੇ ਖਾਕੀ ਬੂਟ ਪਾ ਕੇ
ਬੋਦੇ ਖ਼ੂਬ ਸੰਵਾਰ ਕੇ
ਸ਼ੀਸ਼ੇ ਵਿਚ ਮੁੱਖ ਨਿਹਾਰ ਕੇ
ਤੇ ਕਾਲਾ ਚਸ਼ਮਾ ਚਾੜ੍ਹ ਕੇ
ਜਦ ਸਾਡੀ ਬੀਹੀ 'ਚੋਂ ਲੰਘਦਾ ਸੀ
ਓਹ ਮਜਨੂੰ ਮੁੰਡਾ
ਤਾਂ ਬਾਰੀ 'ਚੋਂ ਛਾਲ ਮਾਰ
ਮੈਂ ਸਾਰੇ ਮਾਰੂਥਲ ਲੰਘਣੇ ਚਾਹੁੰਦੀ ਸਾਂ
ਮੈਂ ਓਹਦੇ ਲਈ ਮਰਨਾ ਚਾਹੁੰਦੀ ਸਾਂ ।

ਪਰ ਹੁਣ ਜਦੋਂ
ਓਹ ਆਪਣੀ ਬੀਵੀ ਤੇ ਬੱਚਿਆਂ ਨਾਲ ਮਿਲਦਾ ਹੈ
ਤੇ ਰਾਜੀ-ਖ਼ੁਸ਼ੀ ਦਾ ਪੁੱਛਦਾ ਹੈ
ਤਾਂ ਏਨਾ ਆਮ ਜਿਹਾ ਲੱਗਦਾ ਹੈ
ਕਿ ਓਹਦੀ ਖ਼ਾਤਿਰ,
ਮੇਰੇ ਮਾਰੂਥਲਾਂ ਵਿਚ ਮਰਨ ਦਾ ਸੋਚ
ਮੈਨੂੰ ਬੇਤਹਾਸ਼ਾ ਹਾਸਾ ਆ ਜਾਂਦਾ ਹੈ ।

4.26.13

ਮੁਕਤੀ

ਕਿੰਜ ਹਾਰ ਰਹੀ ਹਾਂ ਮੈਂ
ਹਰ ਬਾਜੀ, ਹਰ ਪਲ, ਹਰ ਦਿਨ ।
ਫ਼ਿਰ ਵੀ ਹੱਸਣਾ ਕਿੰਨਾ ਚੰਗਾ ਲੱਗਦਾ ਹੈ
ਉਮੀਦ 'ਚ ਜੀਣਾ, ਕਿੰਨਾ ਚੰਗਾ ਲੱਗਦਾ ਹੈ ।
ਸਭ ਕੁੱਝ ਖੋ ਕੇ, ਹਾਰਨ ਦਾ ਡਰ ਵੀ ਤਾਂ ਜਾਂਦਾ ਰਹਿੰਦਾ ਹੈ ।

ਓਹ ! ਕਾਸ਼ ! ਮੈਂ ਤੈਨੂੰ ਖੋਇਆ ਨਾ ਹੁੰਦਾ !
ਪਰ ਹੁਣ ਇਹ ਵੀ ਫਿਕਰ ਨਹੀਂ ਹੈ ।
ਹੁਣ ਇਹ ਵੀ ਫ਼ਿਕਰ ਨਹੀਂ ਹੈ ਕਿ
ਜੋ ਬਾਕੀ ਹੈ, ਓਹ ਵੀ ਜਾਂਦਾ ਰਹਿਣਾ ਹੈ ।

ਓ ਬਈ ਜਾਣ ਦਿਓ ਜੋ ਵੀ ਹੈ
ਸਭ ਕੁੱਝ ਖੋ ਦੇਣਾ ਵੀ ਮੁਕਤੀ ਹੈ
ਹਾਰ ਜਾਣਾ ਵੀ ਜਿੱਤ ਹੈ ।
ਹਾਰ ਜਾਣਾ ਵੀ ਜਿੱਤ ਹੈ
ਹਾ ! ਹਾ ! ਹਾ ! ਹਾਰ ਜਾਣਾ ਵੀ ਜਿੱਤ ਹੈ ।

ਕਿੰਨਾ ਖੁੰਢਾ ਹੋ ਗਿਆ ਹੈ ਹਾਰਾਂ ਦਾ ਵਾਰ
ਕਿ ਮੈਨੂੰ ਇਨ੍ਹਾਂ 'ਤੇ ਹੁਣ ਹਾਸਾ ਆਉਣ ਲੱਗ ਪਿਆ ਹੈ ।

ਮੁਕਤੀ ਦਾ ਇਹ ਵੀ ਇੱਕ ਰਸਤਾ ਸੀ
ਤੇ ਇਹ ਏਨਾ ਸੌਖਾ ਸੀ

ਇਹ ਤਾਂ ਮੈਨੂੰ ਹਾਰ ਕੇ ਪਤਾ ਲੱਗਿਆ ਹੈ !

4.26.13

ਸਾਡਾ ਕੀ ਹੈ !

ਅਸੀਂ ਤੇਰੇ ਨਾਲ ਜਿੰਨਾ ਮਰਜੀ ਵੱਟੀਏ
ਨਾ ਬੋਲਣ ਦਾ ਨਿਸ਼ਚਾ ਕਰੀਏ
ਪਰ ਇੱਕ ਨਜ਼ਰ ਸਵੱਲੀ ਤੇਰੀ
ਤੇ ਮੁਸਕਾਨ 'ਤੇ
ਅਸੀਂ ਝੱਟ ਹੀ ਸਭ ਭੁੱਲ ਜਾਂਦੇ ਹਾਂ
ਤੇ ਰੱਦੀ ਦੇ ਭਾਅ ਵਿਕ ਜਾਂਦੇ ਹਾਂ
ਸਾਡਾ ਕੀ ਹੈ !

4.26.13

ਕੋਈ ਟੀਸ

ਇੱਕ ਵਾ-ਵਰੋਲੇ ਵਾਂਗ ਤੇਰਾ
ਮੇਰੀ ਜ਼ਿੰਦਗੀ ਵਿਚ ਆਉਣਾ
ਤੇ ਓਹ ਯਾਦਾਂ ਦੇ ਕੇ ਤੁਰ ਜਾਣਾ
ਜਿਨ੍ਹਾਂ ਦਾ ਸੋਚਿਆਂ ਹੁਣ ਇੰਜ ਲੱਗਦਾ ਹੈ
ਜਿਵੇਂ ਫੁੱਲਵਾੜੀ ਨੂੰ ਜਾਂਦਿਆਂ,
ਤੁਹਾਡੇ ਪੈਰ 'ਚ ਕੰਡਾ ਚੁਭ ਜਾਏ
ਜਿਵੇਂ ਸਬਜੀ ਕੱਟਦਿਆਂ,
ਚਾਕੂ ਹੱਥ 'ਚ ਲੱਗ ਜਾਏ
ਜਿਵੇਂ ਰੋਟੀ ਲਾਹੁੰਦਿਆਂ,
ਪੋਟਾ ਸੜ ਜਾਏ
ਜਾਂ ਕੋਈ ਅਜਿਹਾ ਹੋਰ ਹਾਦਸਾ
ਜੀਹਦੇ ਤੋਂ ਤੁਸੀਂ ਜ਼ਾਹਿਰਾ ਤੌਰ 'ਤੇ ਸੰਭਲਦੇ ਹੋਂ
ਪਰ ਧੁਰ ਅੰਦਰ ਕਿਧਰੇ
ਕੋਈ ਟੀਸ ਅਟਕੀ ਰਹਿ ਜਾਂਦੀ ਏ ।

4.27.13

ਕੁੱਝ ਵੀ ਨਹੀਂ...

ਕੀ ਕਰਾਂ ਕੁੱਝ ਵੀ ਸੋਚ ਕੇ ਹੁਣ
ਸ਼ੀਸ਼ੇ ਵਿਚ ਦੇਖਦੀ ਹਾਂ ਤਾਂ ਦਿਸਦੀ ਹੈ, ਇੱਕ ਮੁੱਠੀ ਰਾਖ
ਹੱਥੇਲੀ ਤੇ ਪਈ ਹੈ, ਇੱਕ ਮੁੱਠੀ ਰਾਖ
ਜ਼ਿਹਨ ਵਿਚ ਕੁੱਝ ਹੋਰ ਨਹੀਂ, ਬੱਸ, ਇੱਕ ਮੁੱਠੀ ਰਾਖ ।
ਇੱਕ ਪਿੰਜਰ ਹੈ,
ਤੇ ਕੁੱਝ ਸੈੱਲਾਂ, ਪਠਿਆਂ, ਅੰਤੜੀਆਂ ਦਾ ਤਾਂਤਾ-ਮਾਂਤਾ ।
ਇੱਕ ਦਿਨ, ਇੱਕ ਲੱਟ-ਲੱਟ ਬਲਦੀ ਅੱਗ ਵਿਚ ਇਹ ਸਭ ਸਵਾਹ ।
ਇੱਕ ਮੁੱਠੀ ਰਾਖ ।
ਦੋ ਹੰਝੂਆਂ ਨਾਲ, ਵਹਾ ਦੇਵੇਗਾ ਕੋਈ
ਕਿਸੇ ਦਰਿਆ ਵਿਚ ਇਹ ਵੀ, ਇੱਕ ਮੁੱਠੀ ਰਾਖ ।
ਕੌਣ ਸੀ ਓਹ ?
ਕੌਣ ਹਾਂ ਮੈਂ ?
ਕੁੱਝ ਵੀ ਨਹੀਂ ਸੀ ਓਹ
ਕੁੱਝ ਵੀ ਨਹੀਂ ਹਾਂ ਮੈਂ
ਬੱਸ, ਕੁੱਝ ਵੀ ਨਹੀਂ
ਕੁੱਝ ਵੀ ਨਹੀਂ
ਕੁੱਝ ਵੀ ਨਹੀਂ ।

1/22/13

ਰਿਸ਼ਤਾ

ਸੂਰਜ ਰੱਬ ਹੈ ?
ਜਾਂ ਗਰਮ ਗੈਸਾਂ ਦਾ ਗੋਲਾ ਹੈ ?
ਦੱਸ ਮੈਂ ਇਹਦੇ ਤੋਂ ਕੀ ਲੈਣਾ ਹੈ !
ਮੇਰੇ ਲਈ ਤਾਂ ਓਹ ਰੱਬ ਹੈ, ਕਿਓਂਕਿ ਓਹ ਹੈ ਤਾਂ
ਬਨਸਪਤੀ ਵਿਚ ਫ਼ੋਟੋਸਿੰਥਸਿਸ ਦਾ ਪ੍ਰਾਸੈੱਸ ਹੈ
ਆਕਸੀਜ਼ਨ ਹੈ, ਜ਼ਿੰਦਗੀ ਹੈ, ਮੈਂ ਹਾਂ
ਰੋਸ਼ਨੀ ਹੈ, ਰੰਗ ਹੈ ।
ਇਹ ਸੋਚ, ਪੂਰਬ ਵੱਲ ਮੂੰਹ ਕਰ
ਸ਼ੁਕਰਾਨੇ ਵੱਜੋਂ ਹੱਥ ਜੋੜ
ਚੜ੍ਹਦੇ ਸੂਰਜ ਨੂੰ ਨੱਤਮਸਤਕ ਹੁੰਦੀ ਹਾਂ
ਤੇ ਇੱਕ ਲੰਮਾ ਸਾਹ ਖਿੱਚਦੀ ਹਾਂ ।
ਆਕਾਸ਼ 'ਚ, ਸੰਧੂਰੀ ਚੋਲਾ ਪਾ ਕੇ ਆਇਆ
ਓਹ ਹੁਣ ਮੇਰਾ ਚਿਹਰਾ ਛੂਹ ਰਿਹਾ ਹੈ
ਤੇ ਮੇਰੇ ਨਾਲ ਇੱਕਮਿੱਕ ਹੋ ਰਿਹਾ ਹੈ ।
ਇੱਕ ਬੱਚੇ ਤੇ ਬਾਪ ਦਾ ਰਿਸ਼ਤਾ
ਓਹਦਾ ਤੇ ਮੇਰਾ ਰਿਸ਼ਤਾ
ਰੱਬ ਤੇ ਇਨਸਾਨ ਦਾ ਰਿਸ਼ਤਾ ।

4.17.13

ਸਬਜੀ ਬਣਾਉਂਦਿਆਂ

ਅੱਜ, ਆਲੂ ਤੇ ਬਤਾਊਂਆਂ ਦੀ ਸਬਜੀ ਬਣਾਉਂਦਿਆਂ
ਤੂੰ ਬਹੁਤ ਯਾਦ ਆਈ ਹੈਂ, ਮਾਂ ।

ਯਾਦ ਆਇਆ ਕਿ ਕਿਵੇਂ ਗੁੱਗੀ ਤੇ ਮੈਂ
ਅੱਧ-ਪੱਕੇ ਬਤਾਊਂ ਡੰਡੀਓਂ ਫੜ੍ਹ ਫੜ੍ਹ ਖਾਂਦੀਆਂ ਸਾਂ
ਹੋਰ ਮੰਗਣ 'ਤੇ ਤੂੰ ਕਹਿਣਾ : " ਪੱਕਣ ਦਿਓ । "

ਤੇ ਪੱਕਣ 'ਤੇ, ਪਾ ਕੇ ਕੌਲੀਆਂ ਵਿਚ ਸਬਜੀ
ਤੇ ਥਾਲੀ ਵਿਚ ਰੋਟੀ
ਜਦ ਤੂੰ ਸਾਡੇ ਅੱਗੇ ਰੱਖਣੀ, ਤਾਂ ਅਸੀਂ ਖਾਣੀ ਨਾ ।

ਉਦੋਂ ਤਕ, ਬਤਾਊਂ ਖਾਣ ਦੀ ਖੇਡ੍ਹ ਸਾਡੀ ਮੁੱਕ ਚੁੱਕੀ ਹੁੰਦੀ ਸੀ
ਨਾਲੇ, ਰਿੱਝੇ ਬਤਾਉਂ ਭਲਾ ਕਿਹੜਾ ਨਿਆਣਾ ਖਾਂਦਾ ਹੈ, ਮਾਂ !

ਅੱਜ, ਇਹ ਬਣਾਉਂਦੀ, ਮੈਂ ਟੈਰੀ ਤੇ ਸੀਨੂੰ ਦਾ ਸੋਚਦੀ ਹਾਂ :
ਜੇ ਓਹ ਇੱਥੇ ਹੁੰਦੀਆਂ, ਤਾਂ ਸ਼ਾਇਦ, ਉਨ੍ਹਾਂ ਵੀ
ਡੰਡੀਓਂ ਫੜ੍ਹ ਫੜ੍ਹ ਅੱਧ ਪੱਕੇ ਬਤਾਉਂ ਖਾਣੇ ਸਨ ?

ਹੋਰ ਮੰਗਣ 'ਤੇ, ਮੈਂ ਪਤੀਲਾ ਹੀ ਅੱਗੇ ਧਰ ਦੇਣਾ ਸੀ
ਤੇ ਕਹਿਣਾ ਸੀ :
ਲਓ ਖਾਓ ਇਹ ਡੰਡੀਓਂ ਫੜ੍ਹ ਫੜ੍ਹ ਸਾਰੇ, ਬਤਾਉਂ ਕਰਾਰੇ
ਤਾਂ ਕਿ ਪੱਕਣ 'ਤੇ, ਨੱਕ ਚੜ੍ਹਾਉਣ ਦੇ ਨੌਬਤ ਨਾ ਆਵੇ
ਜਿਵੇਂ ਤੁਹਾਡੀ ਨਾਨੀ ਦੇ ਵੇਲੇ ਆਉਂਦੀ ਸੀ ।
ਤੇ ਕੱਲ ਨੂੰ ਤੁਸੀਂ ਵੀ ਆਪਣੀਆਂ ਧੀਆਂ ਨੂੰ
ਜਦੋਂ ਇਹ ਕਹਾਣੀ ਦੱਸੋਗੀਆਂ, ਤਾਂ ਦੱਸਣਾ ਕਿ ਕਿਵੇਂ ਤੁਹਾਡੀ ਮਾਂ
ਅੱਧ-ਪੱਕੇ ਬਤਾਊਂਆਂ ਦਾ ਪੂਰਾ ਪਤੀਲਾ,

ਤੁਹਾਡੇ ਅੱਗੇ ਧਰ ਦਿੰਦੀ ਸੀ ।

ਪਰ, ਮਾਂ, ਮੈਂ ਤਾਂ ਰਸੋਈ ਵਿਚ ' ਕੱਲੀ ਖੜ੍ਹੀ ਇਹ ਬਣਾ ਰਹੀ ਹਾਂ
ਤੇ ਸੋਚ ਰਹੀ ਹਾਂ...
ਦੂਰ ਰਹਿੰਦੀਆਂ ਨੇ ਟੈਰੀ ਤੇ ਸੀਨੂੰ, ਪਰ ਕੋਲ ਹੋਣ 'ਤੇ ਵੀ
ਓਹ ਅੱਧ-ਪੱਕੇ ਬਤਾਊਂ ਖਾਣ ਨੂੰ ਨਹੀਂ ਮੰਗਦੀਆਂ, ਮਾਂ ।
ਮੇਰੇ ਪੁੱਛਣ 'ਤੇ ਵੀ ਨਾਂਹ ਕਰ ਦਿੰਦੀਆਂ ਹਨ ।
ਏਸ ਲਈ, ਇਹ ਤੇਰੇ ਬਤਾਊਂ ਪਕਾਉਣ
ਤੇ ਮੇਰੇ ਤੇ ਗੁੱਗੀ ਦੇ ਇਹ ਅੱਧ-ਪੱਕੇ ਖਾਣ ਦੀ ਗਾਥਾ
ਇੱਥੇ ਹੀ ਮੁੱਕ ਜਾਂਦੀ ਹੈ ।

ਬੱਸ, ਅੱਜ, ਇਹ ਸਬਜੀ ਬਣਾਉਂਦਿਆਂ
ਤੂੰ ਉਂਜ ਹੀ ਯਾਦ ਆ ਗਈ ਹੈਂ
ਤੂੰ ਉਂਜ ਹੀ ਯਾਦ ਆ ਗਈ ਹੈਂ ।

5.7 .13.

ਸਾਨੂੰ ਪਤਾ ਨਹੀਂ

ਓ ਸਾਨੂੰ ਚੰਗਾ ਲੱਗਦਾ ਹੈ
ਤੇਰੇ ਬਾਰੇ ਸੋਚ ਕੇ ਮਰਨਾ
ਹੁਣ ਇਹਦਾ ਕਾਰਣ ਨਾ ਪੁੱਛੀਂ ।
ਹਰ ਗੱਲ ਦੱਸਣੀ ਸੌਖੀ ਨਹੀਂ ਹੁੰਦੀ
ਨਾਲੇ, ਬਹੁਤ ਗੱਲਾਂ ਦਾ ਸਾਨੂੰ ਵੀ ਪਤਾ ਨਹੀਂ ਹੈ ।
ਤੇ ਅਸੀਂ ਦੂਜਿਆਂ ਦਾ ਮਾਨਸਿਕ ਵਿਸ਼ਲੇਸ਼ਣ ਕਰਨਾ ਹੀ ਜਾਣਦੇ ਹਾਂ
ਆਪਣਾ ਨਹੀਂ ।
ਏਸ ਲਈ, ਆਪਣੀ ਗੱਲ
ਬੱਸ ਸਿੱਧੇ ਜਹੇ ਸ਼ਬਦਾਂ ਵਿਚ ਆਖੀ ਹੈ ।
ਤੈਨੂੰ ਨਹੀਂ ਪਸੰਦ ਤਾਂ ਸੁੱਟ ਦੇਵੀਂ
ਸਾਨੂੰ ਕੀ !!!
ਅਸੀਂ ਤਾਂ ਆਪਣੀ ਮਰਜੀ ਵਿਚ
ਜੀਣ ਮਰਨ ਦੇ ਆਦੀ ਹਾਂ....

5.9.13

ਤਾਂ ਤੁਸੀਂ ਕੀ ਕਰੋਂ ?

ਉਨ੍ਹਾਂ ਦਾਹਵੇਦਾਰਾਂ ਨੂੰ ਮੈਂ ਕੀ ਕਹਾਂ
ਕਿ ਮੇਰਾ ਤਾਂ ਕੁੱਝ ਵੀ ਨਹੀਂ ਹੈ
ਪਰ, ਜੇਕਰ, ਪੌਣ ਦਾ ਬੁੱਲਾ
ਤੁਹਾਡੇ ਮੱਥੇ ਨੂੰ ਛੂਹ ਕੇ ਲੰਘ ਜਾਏ
ਤੇ ਤੁਹਾਨੂੰ ਯਾਦ ਕੋਈ ਦੇ ਜਾਏ
ਤਾਂ ਤੁਸੀਂ ਕੀ ਕਰੋਂ ?

ਤੁਸੀਂ ਆਪਣੇ ਰਸਤੇ ਜਾ ਰਹੇ ਸੀ
ਪਰ ਮਨ ਦੇ ਬ੍ਰਿੰਦਾਬਨ ਵਿਚ ਆ ਕੇ
ਕੋਈ ਬੈਠਾ ਰਾਸ ਰਚਾਏ
ਤਾਂ ਤੁਸੀਂ ਕੀ ਕਰੋਂ ?

ਚੁੱਪ ਵੀਰਾਨ ਪਗਡੰਡੀ 'ਤੇ ਤੁਰਦਿਆਂ
ਗੂੰਜ ਉੱਠੇ ਇੱਕ ਅਨਹਦ ਨਾਦ
ਤੁਸੀਂ ਸੌ ਵਾਰ ਕੰਨ ਲਪੇਟੋ
ਪਰ ਫ਼ਿਰ ਵੀ ਤੁਹਾਡੇ ਰੋਮ ਰੋਮ ਵਿਚ, ਇਹ ਵੱਜਦਾ ਜਾਏ
ਤਾਂ ਤੁਸੀਂ ਕੀ ਕਰੋਂ ?

ਹੋ ਚਾਨਣੀਆਂ ਤੋਂ ਬੇ-ਪ੍ਰਵਾਹ
ਤੁਸੀਂ ਤੁਰਦੇ ਜਾਵੋਂ ਆਪਣੇ ਰਾਹ
ਇਹ ਫ਼ੇਰ ਵੀ ਤੁਹਾਨੂੰ ਲਿਪਟ ਜਾਣ
ਤਾਂ ਤੁਸੀਂ ਕੀ ਕਰੋਂ ?

ਨਾ ਫ਼ੱਕਰਾਂ ਦੇ ਰਿਸ਼ਤੇ-ਨਾਤੇ
ਨਾ ਕੋਈ ਐਸੇ ਦਾਹਵੇ
ਪਰ ਇੱਕ ਇਸ਼ਕ ਇਲਾਹੀ ਕੋਲੋਂ

ਕਿੰਜ ਕੋਈ ਲੜ ਛੁਡਾਵੇ !
ਜੇ ਕੋਸ਼ਿਸ਼ ਕੀਤਿਆਂ ਵੀ ਨੇਹੁੰ ਨਾ ਟੁੱਟੇ
ਤਾਂ ਤੁਸੀਂ ਕੀ ਕਰੋਂ ?

ਇਹ ਕੋਈ ਜ਼ਮੀਨ-ਜਾਇਦਾਦ ਨਹੀਂ ਹੈ
ਬੈਂਕ ਬੈਲੈਂਸ, ਕੋਠੀ ਤੇ ਕਾਰ ਨਹੀਂ ਹੈ
ਇਹ ਤਾਂ ਹੈ, ਬੱਸ, ਸੂਰਜ ਤੇ ਰੰਗਾਂ ਦਾ ਰਿਸ਼ਤਾ
ਚੰਨ ਤੇ ਸਮੁੰਦਰ ਦਾ ਰਿਸ਼ਤਾ
ਹਵਾ, ਅੱਗ, ਪਾਣੀ ਦਾ ਰਿਸ਼ਤਾ
ਧਰਤੀ ਤੇ ਆਕਾਸ਼ ਦਾ ਰਿਸ਼ਤਾ
ਸਮਝੋ ਤਾਂ ਇਹ ਸਭ ਕੁੱਝ ਹੈ
ਸਮਝੋ ਤਾਂ ਕੁੱਝ ਵੀ ਨਹੀਂ ਹੈ ।

ਓ ਪ੍ਰਾਪਰਟੀ ਦੇ ਦਾਹਵੇਦਾਰੋ, ਲੈ ਜਾਵੋ ਜੋ ਵੀ ਹੈ
ਆਪਾਂ ਤਾਂ ਕੁੱਝ ਮੰਗਿਆ ਹੀ ਨਹੀਂ ਸੀ
ਤੇ ਨਾ ਹੀ ਇਹਦੀ ਲੋੜ ਹੈ
ਫੇਰ ਵੀ, ਸ਼ਾਇਦ, ਜੇ ਵਹਿਮ ਜਿਹਾ ਕੋਈ ਰਿਸ਼ਤਾ ਹੈ
ਤੇ ਜੇ ਇਹ ਵਹਿਮ ਹੀ ਤੁਹਾਨੂੰ
ਕਿਤੇ ਦੂਰ ਵਹਾ ਕੇ ਲੈ ਜਾਵੇ
ਤਾਂ ਤੁਸੀਂ ਕੀ ਕਰੋਂ ?

5. 10.13

ਆ–ਹਮ

ਸ਼ਾਇਦ ਇਹ ਅਜੀਬ ਗੱਲ ਹੈ, ਜਾਂ ਸੁਭਾਵਿਕ ਹੈ
ਜੋ ਅਹਿਸਾਸ ਹੋਇਆ ਹੈ ਮੈਨੂੰ
ਕਿ ਜਿਸਮ ਤਾਂ ਇੱਕ ਬੜੀ ਮਮੂਲੀ ਚੀਜ਼ ਹੈ ।
ਕੋਈ ਟਕੇ ਦਾ ਵੀ ਵੇਚੇ
ਤਾਂ ਮੈਂ ਇਹ ਖਰੀਦਾਂ ਨਾ ।

ਐਵੇਂ ਰਾਹ ਜਾਂਦੀ ਸਿਰ ਦਰਦੀ
ਇੱਕ ਬੋਝ, ਇੱਕ ਜ਼ਿੰਮੇਵਾਰੀ
ਜਿਵੇਂ ਮਕਾਨ ਦੀ ਜ਼ਿੰਮੇਵਾਰੀ
ਪੈਸਿਆਂ ਦੀ ਜ਼ਿੰਮੇਵਾਰੀ
ਤੇ ਹੋਰ ਅਜਿਹੇ ਰੱਫੜ ।

ਚਲੋ ਹੁਣ ਮਿਲਿਆ ਹੈ ਤਾਂ ਕੀ ਕਰਾਂ !

ਪੈਰ ਹਨ ਤਾਂ ਤੁਰਨਾ ਹੈ
ਅੱਖਾਂ ਹਨ ਤਾਂ ਦੇਖਣਾ ਹੈ
ਹੱਥ ਹਨ ਤਾਂ ਵਰਤਣੇ ਹਨ
ਜ਼ੁਬਾਨ ਹੈ ਤਾਂ ਬੋਲਣਾ ਹੈ
ਕੰਨ ਹਨ ਤਾਂ ਸੁਣਨਾ ਹੈ ।

ਖ਼ੁਸ਼ੀ ਤੇ ਗਮੀ ਦੇ ਅਹਿਸਾਸ ਨੇ
ਆਸ਼ਾ ਹੈ, ਨਿਰਾਸ਼ਾ ਹੈ
ਦਿਲ ਦੀ ਧੜਕਣ ਹੈ
ਖ਼ੂਨ ਦੀ ਰਫ਼ਤਾਰ ਹੈ
ਸਾਹ ਚੱਲਦੇ ਹਨ
ਤੇ ਕਈ ਕੁੱਝ ਹੋਰ ਲੋੜੀਂਦਾ

ਆਪਣੇ ਆਪ ਹੋ ਰਿਹਾ ਹੈ ।

ਬ੍ਰਹਿਮੰਡ ਦਾ ਇੱਕ ਟੋਟਾ ਧਰਤੀ
ਤੇ ਇੱਥੇ ਘੁੰਮਣ ਨੂੰ
ਇਹ ਵਾਹਵਾ ਪੁਸ਼ਾਕ ਮਿਲੀ ਹੈ
ਪਰ ਮੈਂ ਕਦ ਤੇ ਕੀਹਨੂੰ ਇੱਥੇ ਭੇਜਣ ਨੂੰ ਆਖਿਆ ਸੀ !?
ਜਾਂ ਫ਼ੇਰ , ਕਿਸੇ ਹੋਰ ਦਾ ਇਹ ਫ਼ੈਸਲਾ ਸੀ ?
ਤੇ ਇਹਦਾ ਮਕਸਦ ਕੀ ਸੀ ?
ਜਾਂ ਬੱਸ ਐਵੇਂ ਸ਼ੁਗਲ-ਮੇਲੇ ਲਈ ਆ ਗਈ ਸਾਂ ਮੈਂ ?

ਤੇ ਕੌਣ ਹਾਂ ਮੈਂ ?
ਇਹ ਜੋ ਲੇਬਲ ਹੈ ਦੇਸ਼, ਪ੍ਰਾਂਤ ਤੇ ਜੈਂਡਰ ਦਾ
ਕੀ ਅਜਿਹਾ ਹੀ ਲੇਬਲ ਕਿਤੇ ਪਹਿਲਾਂ ਵੀ ਸੀ ?
ਓਹੋ ! ਇਹ ਮੈਂ ਕਿਹੜੇ ਵਹਿਣਾ ਵਿਚ ਵਹਿ ਗਈ ਹਾਂ
ਤੇ ਜਿੰਨਾ ਸੋਚਾਂ, ਓਨਾ ਹੀ ਉਲਝਦੀ ਹਾਂ ।
ਕਿੰਨਾ ਸੌਖਾ ਹੈ ਹੋਰ ਚੀਜਾਂ ਬਾਰੇ ਸੋਚਣਾ :
ਡੱਡੂ, ਕੁੱਤੇ, ਕਾਂ, ਵਿਓਪਾਰ,
ਪਲੇਟੋ ਤੇ ਸ਼ੈਂਪਨਹਾਰ

ਪਰ ਆਪਣੇ ਬਾਰੇ ਸੋਚਦਿਆਂ
ਕਿੰਨਾ ਉਲਝ ਗਈ ਹਾਂ ਮੈਂ
ਜੇ ਮੈਨੂੰ ਆਪਣੇ ਬਾਰੇ ਹੀ ਪਤਾ ਨਹੀਂ
ਤਾਂ ਦੂਜਿਆਂ ਬਾਰੇ ਕੀ ਜਾਣਾ ? ਕੀ ਕਹਾਂ ?

ਤੇ ਜੇ ਮੈਨੂੰ ਆਪਣੇ ਬਾਰੇ ਹੀ ਪਤਾ ਨਹੀਂ
ਤਾਂ ਕੀ ਬਾਕੀ ਸਭ ਗੱਲਾਂ ਫਜ਼ੂਲ ਨਹੀਂ ?
ਚਲੋ ਅੱਜ, ਆਪਣੇ ਬਾਰੇ ਹੋਰ ਧਿਆਨ ਨਾਲ ਸੋਚਦੀ ਹਾਂ ।

ਜਾਣ ਗਈ ਤਾਂ ਮੇਰੀ ਜਿੱਤ, ਨਾ ਜਾਣਿਆ ਤਾਂ ਮੇਰੀ ਹਾਰ ।

" ਮੇਰੀ ਜਿੱਤ " ? " ਮੇਰੀ ਹਾਰ " ?
ਓਹੋ ! ਕਿੰਨਾ ਉਲਝਾਉਂਦੀ ਹੈ
ਇਹ ਭੋਲੀ ਲੱਗਦੀ, ਪਰ ਸਨਕੀ ਸੋਚ ।

ਚਲੋ ਛੱਡੋ ! ਅੱਜ ਹੋਰ ਸਵਾਲਾਂ ਤੋਂ ਮੁਕਤ ਹੋ
ਮੈਂ ਬੱਸ ਉਚਾਰਨਾ ਚਾਹੁੰਦੀ ਹਾਂ :
ਆ–ਹਮ,
ਆ–ਹਮ,
ਆ–ਹਮ...

5.11.13

ਜਰਾ ਸੋਚੋ

ਦੇਖਦੀ ਹਾਂ ਆਪਣੇ ਹੱਥਾਂ ਤੇ ਪੈਰਾਂ ਨੂੰ
ਸ਼ੀਸ਼ੇ ਵਿਚ ਆਪਣੇ ਚਿਹਰੇ ਨੂੰ
ਵਾਲਾਂ ਨੂੰ
ਕੱਦ ਨੂੰ
ਜਿਸਮ ਦੀ ਤਰਤੀਬ ਨੂੰ
ਰੰਗ ਨੂੰ
ਤੇ ਸੋਚਦੀ ਹਾਂ : ਕਿੰਨਿਆਂ ਨੂੰ ਮੈਂ ਪਸੰਦ ਹੋਵਾਂਗੀ ?
ਤੇ ਕਿੰਨਿਆਂ ਨੂੰ ਨਹੀਂ ਪਸੰਦ ?

ਕਿੰਜ ਦੇਖਦੀ ਹੈ ਦੁਨੀਆਂ ਤੁਹਾਨੂੰ
ਜਿਵੇਂ ਮੰਡੀ ਵਿਚ
ਕੋਈ ਆਲੂ ਤੇ ਟਮਾਟਰ ਪਰਖੇ
ਜਲੇਬੀਆਂ ਤੇ ਗੁਲਾਬ ਜਾਮਨਾਂ ਪਰਖੇ ।

ਓਏ ਉੱਲੂਓ , ਮਸ਼ੀਨ ਜੇ ਵਧੀਆ ਚੱਲਦੀ ਹੈ
ਤਾਂ ਤੁਸੀਂ ਕੀ ਓਹਦੇ ਰੰਗ, ਢੰਗ ਦੀਆਂ ਪਰਖਾਂ ਕਰਦੇ ਹੋਂ ?

ਇਨਸਾਨਾਂ ਬਾਰੇ ਵੀ
ਜ਼ਰਾ ਆਪਣੀ ਸੋਚ ਦੇ ਤਾਬੂਤ ਖੋਲ੍ਹੋ
ਤੇ ਉੱਡਣਾ ਸਿਖੋ ।

5.11.13

ਇਸ਼ਕ ਦਾ ਰਾਹ

ਔਖਾ ਏ ਇਸ਼ਕ ਦਾ ਰਾਹ ਅਵੱਲਾ, ਜਣੇ ਖਣੇ ਨੂੰ ਇਹ ਪੋਹੰਦਾ ਨਾਹੀਂ
ਏਸ 'ਤੇ ਚੱਲਣ ਆਸ਼ਕ, ਮੂਰਖ, ਚੱਲਣ ਜੋਗ ਧਿਆਨੀ ।

ਪੱਸਰਿਆ ਮੀਲੋ ਮੀਲ ਮਾਰੂਥਲ
ਵਿਚ ਉੱਗਣ ਥੋਹਰ , ਵੱਸਣ ਨਾਗ
ਚਾਰ ਚੁਫ਼ੇਰੇ ਉੱਡਦੀ ਫਿਰਦੀ ਵਾ-ਵਰੋਲਿਆਂ ਦੀ ਢਾਣੀ ।

ਤੱਤੀ ਰੇਤ ਤਲੀਆਂ ਲੂਹਵੇ, ਹੰਝੂ ਵਹਿੰਦੇ ਨੈਣਾਂ ਥਾਂਣੀ
ਛਾਂਅ ਦੇਣ ਨੂੰ ਰੁੱਖ ਨਾ ਕੋਈ, ਨਾ ਪੀਣ ਨੂੰ ਪਾਣੀ
ਸੁੱਕਦਾ ਖ਼ੂਨ ਤੇ ਮੱਚਦਾ ਜੁੱਸਾ, ਰੋਵੇ ਰੂਹ ਅੰਜਾਣੀ ।

ਦਿਨ ਦਿਹਾੜੇ ਪੱਛਣ ਲੂਆਂ, ਰਾਤਾਂ ਨੂੰ ਮਾਰੇ ਠੰਡ ਨਿਮਾਣੀ
ਲੱਖ ਸੱਸੀਆਂ ਮਰ ਗਈਆਂ ਇੱਥੇ, ਦੱਸ ਕੇ ਇਹੋ ਕਹਾਣੀ ।

ਔਖਾ ਏ ਇਸ਼ਕ ਦਾ ਰਾਹ ਅਵੱਲਾ, ਜਣੇ ਖਣੇ ਨੂੰ ਇਹ ਪੋਹੰਦਾ ਨਾਹੀਂ
ਇਹ 'ਤੇ ਚੱਲਣ ਆਸ਼ਕ, ਮੂਰਖ, ਚੱਲਣ ਜੋਗ ਧਿਆਨੀ ।

5.13.13

ਹੇ ਗੁਰੂ ਦੇਵ

ਇਹ ਚਿੜੀਆਂ ਜੋ ਮੇਰੇ ਅੰਦਰ ਚਹਿਕਦੀਆਂ
ਇਹ ਤਿੱਤਰ ਖੰਭੀਆਂ ਜੋ ਮੇਰੇ ਅੰਦਰ ਉੱਡਦੀਆਂ
ਇਹ ਪੌਣ ਜੋ ਮੇਰੇ ਅੰਦਰ ਵੱਗਦੀ ਏ
ਇਹ ਰਿਮਝਿਮ ਜੋ ਮੇਰੇ ਅੰਦਰ ਹੁੰਦੀ ਏ
ਇਹ ਮੋਰ ਜੋ ਮੇਰੇ ਅੰਦਰ ਨੱਚਦੇ ਨੇ
ਇਹ ਨਦੀਆਂ ਜੋ ਮੇਰੇ ਅੰਦਰ ਵਹਿੰਦੀਆਂ ਨੇ
ਇਹ ਚਸ਼ਮੇਂ ਜੋ ਮੇਰੇ ਅੰਦਰ ਫੁੱਟਦੇ ਨੇ
ਇਹ ਫੁੱਲ ਜੋ ਮੇਰੇ ਅੰਦਰ ਖਿੜਦੇ ਨੇ
ਇਹ ਧੁੱਪ ਜੋ ਮੇਰੇ ਅੰਦਰ ਚੜ੍ਹਦੀ ਏ
ਇਹ ਛਾਵਾਂ ਜੋ ਮੇਰੇ ਅੰਦਰ ਹੁੰਦੀਆਂ ਨੇ
ਇਹ ਪਹਾੜ ਜੋ ਮੇਰੇ ਅੰਦਰ ਉੱਸਰੇ ਨੇ
ਇਹ ਅਨਹਦ ਨਾਦ ਜੋ ਮੇਰੇ ਅੰਦਰ ਵੱਜਦਾ ਏ
ਹੇ ਗੁਰੂ ਦੇਵ, ਇਹ ਸਭ ਏਸ ਲਈ ਏ
ਕਿਓਂਕਿ ਇਹ ਤੇਰੀ ਮਰਜ਼ੀ ਏ ।

5.14.13

ਮਰਦ ਕਵੀ ਨੂੰ

ਨਹੀਂ ਹੈ ਜ਼ੰਜੀਰੀ ਟੁੱਕਦੀ ਮੇਰੀ ਚਾਲ
ਨਹੀਂ ਹਾਂ ਮੈਂ ਕੋਈ ਲਗਰ ਜਹੀ
ਨਹੀਂ ਹੈ ਮੇਰਾ ਰੰਗ ਸੰਧੂਰੀ
ਨਹੀਂ ਨੇ ਮੇਰੇ ਪੈਰ ਚਾਰ ਇੰਚੀ
ਨਹੀਂ ਹੈ ਮੇਰੀ ਧੌਣ ਸੁਰਾਹੀ
ਨਹੀਂ ਨੇ ਮੇਰੇ ਨੈਣ ਸ਼ਰਾਬੀ
ਨਹੀਂ ਗਜ ਲੰਮੇ ਮੇਰੇ ਵਾਲ ।
ਹਾਂ, ਮੈਂ ਖੁਦ ਨੂੰ ਚੰਗੇ ਇਨਸਾਨਾਂ 'ਚੋਂ ਸਮਝਦੀ ਹਾਂ
ਇਹੋ ਮੇਰੀ ਸੁਹੱਪਣ ਹੈ
ਤੇ ਇਹੋ ਹੋਣੀ ਚਾਹੀਦੀ ਹੈ ।

ਹੇ ਮਰਦ ਕਵੀ, ਜੇ ਤੇਰੀ ਪ੍ਰੇਰਨਾ ਸਰੋਤ ਇਹ ਨਹੀਂ
ਤਾਂ ਤੁਰਦਾ ਬਣ !
ਤੇਰੀਆਂ ਕੜੀਆਂ-ਕਵਿਤਾਵਾਂ ਦੀ ਮੈਨੂੰ ਕੋਈ ਲੋੜ ਨਹੀਂ
ਏਦੂੰ ਵਧੀਆ ਤਾਂ ਮੈਂ ਆਪ ਹੀ ਲਿਖ ਲੈਂਦੀ ਹਾਂ ।

5.14.13

ਇੱਕ ਬੇ-ਮਿਸਾਲ ਕਹਾਣੀ

ਇੱਕ ਅੰਗੂਠੇ ਜਿੱਡੀ ਚਿੜੀ ਦੀ ਇੱਕ ਬੇ-ਮਿਸਾਲ ਕਹਾਣੀ ਹੈ
ਜਿਹੜੀ ਮੈਂ ਆਪਣੇ ਨਾਂਅ ਲਿਖਣੀ ਚਾਹੁੰਦੀ ਹਾਂ
ਪਰ ਮੈਂ ਆਪਣੇ ਵਿਚ ਓਹ ਹਿੰਮਤ,
ਓਹ ਸਿਆਣਪ ਤੇ ਓਹ ਤਿਆਗ ਦੀ ਭਾਵਨਾ ਕਿੱਥੋਂ ਲਿਆਵਾਂ
ਜਿਹੜੀ ਏਸ ਪੰਛੀ ਵਿਚ ਹੈ !
ਦੱਸਦੀ ਹੈ ਇਹ ਮੈਨੂੰ
ਕਿ ਤੁਸੀਂ ਕਿੰਨੇ ਵੀ ਨਿੱਕੇ ਕਿਓਂ ਨਾ ਹੋਵੋਂ
ਤੇ ਇਹ ਦੁਨੀਆਂ ਏਡੀ ਵੱਡੀ
ਪਰ ਹੌਂਸਲਾ ਤੇ ਯਕੀਨ ਹੈ ਤਾਂ
ਤੁਸੀਂ ਉੱਚੇ ਤੇ ਵਿਸ਼ਾਲ ਆਕਾਸ਼ 'ਚ ਉੱਡ ਸਕਦੇ ਹੋਂ
ਤੇ ਮਨ ਦੀ ਮੌਜ ਨਾਲ ਜੀ ਸਕਦੇ ਹੋਂ
ਕਿ ਆਪਣੀ ਨਸਲ ਨੂੰ ਅੱਗੇ ਤੋਰਣ ਲਈ
ਕੱਖ-ਕਾਨ੍ਹਿਆਂ ਦਾ ਇੱਕ ਟੈਂਪਰੇਰੀ ਘਰ ਹੀ ਕਾਫ਼ੀ ਹੈ
ਕਿ ਜਿਵੇਂ ਓਹ ਟਾਹਣਾ 'ਤੇ ਰਹਿ ਲੈਂਦੀ ਹੈ
ਤਾਂ ਤੁਸੀਂ ਵੀ ਸੀਮਿੰਟ, ਇੱਟਾਂ ਤੇ ਮਾਰਬਲ ਦੀਆਂ ਕੋਠੀਆਂ ਦੀ ਥਾਂ
ਕਿਸੇ ਕੁੱਲੀ ਵਿਚ ਰਹਿ ਸਕਦੇ ਹੋਂ
ਕਿ ਜ਼ਿੰਦਗੀ ਬੰਧਨਾ ਤੋਂ ਮੁਕਤ ਬਿਤਾਈ ਜਾ ਸਕਦੀ ਹੈ
ਕਿ ਬੱਚਿਆਂ ਨੂੰ ਉੱਡਾਰੂ ਕਰਕੇ
ਕੁਦਰਤ ਦੇ ਹਵਾਲੇ ਕਰ ਦੇਣ ਦਾ ਦਿਲ ਤੁਹਾਡਾ ਵੀ ਹੋ ਸਕਦਾ ਹੈ
ਕਿ ਓਹਦੀ ਲੋੜ ਕੁੱਝ ਦਾਣੇ ਤੇ ਪਾਣੀ ਹੈ
ਤਾਂ ਤੁਹਾਡੀ ਲੋੜ ਵੀ ਤਾਂ ਦੋ ਰੋਟੀਆਂ ਤੇ ਪਾਣੀ ਹੀ ਹੈ ।
ਮੈਂ ਏਸ ਚਿੜੀ ਦੀ ਕਹਾਣੀ ਨੂੰ ਆਪਣੇ ਨਾਅ ਲਿਖਣਾ ਚਾਹੁੰਦੀ ਹਾਂ
ਤੇ ਓਹਦੇ ਵਾਂਗ ਹੀ ਜੀਣਾ ਚਾਹੁੰਦੀ ਹਾਂ ।

1 ਮਈ, 13.

ਮਾਵਾਂ

ਮਦਰਜ਼ ਡੇ 'ਤੇ ਪੜ੍ਹ ਪੜ੍ਹ ਮਾਵਾਂ ਦੀਆਂ ਤਰੀਫਾਂ ਲੱਗਾ
ਜਿਵੇਂ, ਅਚਾਨਕ, ਅਸਮਾਨੋ ਡਿੱਗ ਪਈਆਂ ਹੋਣ ਮਾਵਾਂ

ਪਾਕ ਪਵਿੱਤਰ, ਰੱਬੀ ਰੂਪ
ਜਿਵੇਂ ਕਿਸੇ ਦੀ ਮਾਂ ਨੇ
ਆਪਣੇ ਘਰ ਦਾ ਕੂੜਾ ਕੱਢ ਕੇ ਬੀਹੀ ਵਿਚ ਨਾ ਸੁੱਟਿਆ ਹੋਵੇ
ਜਿਵੇਂ ਓਹਨੇ ਤੁਹਾਨੂੰ " ਚਮਾਰਾਂ " ਦੇ ਗੋਲੂ ਨਾਲ
ਬੋਲਣੋ ਮਨ੍ਹਾ ਨਾ ਕੀਤਾ ਹੋਵੇ
ਜਿਵੇਂ ਨੌਕਰਾਂ ਦੇ ਬੱਚਿਆਂ ਨੂੰ ਤੁਹਾਡੇ ਬਰਾਬਰ ਹੀ ਸਮਝਿਆ ਹੋਵੇ
ਤੇ ਬਰਾਬਰ ਪੜ੍ਹਣੇ ਪਾਇਆ ਹੋਵੇ
ਜਿਵੇਂ ਤੁਸੀਂ ਓਹਨੂੰ ਸ਼ਰੀਕੇ ਬਰਾਦਰੀ ਦੀਆਂ
ਚੁਗਲੀਆਂ ਕਰਦਿਆਂ ਨਾ ਸੁਣਿਆ ਹੋਵੇ
ਤੇ ਉਨ੍ਹਾਂ ਦੀ ਖੁਸ਼ਹਾਲੀ 'ਤੇ ਈਰਖਾ ਵਿਚ ਸੜਦੇ
ਜਿਵੇਂ ਓਹਨੇ ਤੁਹਾਡੇ ਸਾਹਮਣੇ ਸਿੱਖਾਂ ਨੂੰ " ਸਿੱਖੜੇ "
ਤੇ ਮੁਸਲਮਾਨਾ ਨੂੰ " ਮੁਸਲੇ " ਨਾ ਆਖਿਆ ਹੋਵੇ
ਜਿਵੇਂ ਰੇੜ੍ਹੀ ਵਾਲੇ ਨੂੰ ਹੋਰ ਥਾਂ ਸਸਤੀ ਸਬਜੀ ਮਿਲਣ ਬਾਰੇ
ਝੂਠ ਹੀ ਨਾ ਦੱਸਿਆ ਹੋਵੇ
ਤੇ ਹੋਰ ਅਜਿਹਾ ਕੂੜਾ ਜੋ ਮਾਂ ਦੀ ਪੂਜਾ ਕਰਨ ਲਈ
ਤੁਸੀਂ ਮੰਜੇ ਹੇਠ ਧੱਕ ਦਿੱਤਾ ਹੈ ।
ਚਲੋ ਬਈ ਮਿੱਤਰੋ, ਤੁਹਾਡੀ ਮਰਜੀ, ਸਾਨੂੰ ਕੀ !
ਉਂਜ ਇਹ ਸਭ ਪੜ੍ਹਨਾ ਆਪਾਂ ਨੂੰ ਵੀ ਮਾੜਾ ਨਹੀਂ ਲੱਗਦਾ ।
ਬੱਸ ਲੋੜ ਹੈ ਹੁਣ ਇੱਕ ਮੰਦਿਰ ਬਣਾਉਣ ਦੀ
ਤੇ ਵਿਚ ਓਹਦੀ ਸੁਨਹਿਰੀ ਫੋਟੋ ਲਾਉਣ ਦੀ ।

5.15.13

ਜੋਗੀਆ ਵੇ ਜੋਗੀਆ ਹੋ

ਵੇ ਤੂੰ ਕੇਹੀ ਬੀਨ ਵਜਾ ਗਿਆਂ
ਕੋਈ ਨਵਾਂ ਪੁਆੜਾ ਪਾ ਗਿਆਂ
ਤੇ ਸੁੱਤੇ ਨਾਗ ਜਗਾ ਗਿਆਂ
ਜੋਗੀਆ ਵੇ ਜੋਗੀਆ ...

ਖੁੱਲ੍ਹੀਆਂ ਜ਼ੁਲਫ਼ਾਂ ਨੰਗੇ ਪੈਰ
ਲੜਖੜਾਉਂਦੀ ਮੰਦੇ ਹਾਲ
ਆਣ ਖੜ੍ਹੀ ਮੈਂ ਇਸ਼ਕ ਦੇ ਦੁਆਰ
ਵੇ ਤੂੰ ਕਿੰਜ ਸਾਨੂੰ ਭਰਮਾ ਗਿਆਂ
ਜੋਗੀਆ ਵੇ ਜੋਗੀਆ...

ਇਹ ਚਲਿੱਤਰ ਤੇਰੇ ਤੂੰ ਹੀ ਜਾਣੇ
ਇਹ ਧੂਏਂ ਤੇਰੇ, ਇਹ ਭਗਵੇਂ ਬਾਣੇ
ਕੰਨੀਂ ਮੁੰਦਰਾਂ ਹੱਥ ਵਿਚ ਚਿੱਪੀ
ਸਿਰ ਚੁੱਟਕੀ ਜਾਦੂ ਪਾ ਗਿਆਂ
ਜੋਗੀਆ ਵੇ ਜੋਗੀਆ...

ਕਿੰਨਾ ਸੌਖਾ ਤੇਰੇ ਲਈ
ਕੰਨ ਪੜਵਾ ਕੇ ਭੇਸ ਵਟਾਉਣਾ
ਫੇਰ ਇੱਥੇ ਆ ਕੇ ਅਲਖ ਜਗਾਉਣਾ
ਵੇ ਤੂੰ ਧੁਖਦੀ ਅੱਗ ਭੜਕਾ ਗਿਆਂ
ਜੋਗੀਆ ਵੇ ਜੋਗੀਆ...

ਮੈਂ ਮਰਿਆਦਾ ਸੰਗ ਬੰਨ੍ਹੀ ਹੋਈ
ਖੇੜਿਆਂ ਨਾਲ ਪਰੁੰਨੀ ਹੋਈ
ਕੰਧਾਂ ਓਹਲੇ ਡੱਕੀ ਹੋਈ

ਤੂੰ ਇਸ ਮਰਿਆਦਾ ਨੂੰ ਸੰਨ੍ਹ ਲਾ ਗਿਆਂ
ਜੋਗੀਆ ਵੇ ਜੋਗੀਆ...

5.15.13

ਕੋਈ ਬੱਗੇ ਘੋੜੇ 'ਤੇ ਆਇਓ ਨਾ

ਰਾਤ ਚਾਨਣੀ ਖਿੜੀਆਂ ਕਲੀਆਂ
ਨੱਚਣ ਆਈਆਂ ਜੰਗਲੀ ਪਰੀਆਂ
ਘੁੰਮ ਘੁੰਮ ਮਹਿਕਾਂ ਪਾਈ ਦੁਹਾਈ
ਜੋਬਨ ਦੀ ਰੁੱਤ ਹੋਈ ਸ਼ੁਦਾਈ
ਨੀ ਕੋਈ ਬੱਗੇ ਘੋੜੇ 'ਤੇ ਆਇਓ ਨਾ ।

ਨੀ ਓਹ ਤਾਰਿਆਂ ਦੇ ਵਿਚ ਸਜਕੇ ਬੈਠੀ
ਪਾ ਹੀਰਿਆਂ ਦਾ ਲੌਂਗ, ਕਾਂਟੇ, ਵੰਗਾਂ, ਟਿੱਕਾ ਤੇ ਕੈਂਠੀ
ਜ਼ੁਲਫੀਂ ਗੁੰਦੇ ਫੁੱਲ ਗੁਲਨਾਰ
ਨੀ ਓਹ ਅੱਗ ਜਹੀ ਇੱਕ ਨਾਰ
ਹੱਥੀਂ ਚੁੱਕ ਬਸੰਤੀ ਹਾਰ
ਚੁੱਕ ਚੁੱਕ ਅੱਡੀਆਂ ਤੱਕੇ ਰਾਹ
ਜਿਧਰੋਂ ਆਉਣਾ ਏ ਮਹਿਰਮ ਯਾਰ ।

ਮੁੱਕੀ ਰਾਤ ਹੋਈ ਤੜਕਸਾਰ
ਨੀ ਕੋਈ ਬੱਗੇ ਘੋੜੇ 'ਤੇ ਆਇਓ ਨਾ
ਨੀ ਕਿਸੇ ਬੱਗੇ ਘੋੜੇ 'ਤੇ ਆਉਣਾ ਨਾ ।

5.15.13

ਇਹੋ ਮੇਰੀ ਦੁਨੀਆਂ ਹੈ

ਦੇਖਣ 'ਤੇ, ਮੇਰੀ ਇਸ ਦੁਨੀਆਂ ਵਿਚ ਮੈਂ 'ਕੱਲੀ ਹਾਂ
ਜਿੱਥੇ ਪਿਆਰ ਵੀ ਮੇਰਾ 'ਕੱਲਾ ਹੈ ।

ਪਰ ਇਸ ਵਿਚ, ਕਿੰਨੇ ਹੀ ਬਗੀਚੇ ਹਨ
ਫੁੱਟਦੇ ਫ਼ੁਹਾਰੇ ਹਨ
ਕਲ-ਕਲ ਵਹਿੰਦੀਆਂ ਨਦੀਆਂ ਹਨ
ਵਿਚ ਉੱਤਰਦੇ ਚੰਨ ਤੇ ਤਾਰੇ ਹਨ
ਇੱਥੇ ਹਿਰਨ ਚੁੰਘੀਆਂ ਭਰਦੇ ਹਨ
ਕਦੇ ਰੁੱਕ ਫੁੱਲ ਪੱਤੀਆਂ ਚਰਦੇ ਹਨ ।

ਇੱਥੇ, ਮੇਰੀ ਮਰਜੀ ਨਾਲ ਬੱਦਲ ਆਉਂਦੇ ਹਨ
ਇੱਥੇ ਪੁੱਠੇ ਚਰਖੇ ਗਿੜਦੇ ਹਨ ।
ਇੱਥੇ ਮੇਰੀ ਮਰਜ਼ੀ ਨਾਲ ਸੂਰਜ ਚੜ੍ਹਦਾ ਹੈ
ਜਦ ਚਾਹਾਂ ਤਾਂ ਅਸਤ ਹੋ ਜਾਂਦਾ ਹੈ ।

ਇੱਥੇ ਨਿੰਮਾਂ, ਟਾਹਲੀਆਂ ਤੇ ਤੂਤ ਹਨ
ਮੇਰੀ ਪੀਂਘ ਲਈ ਇਹ ਸੂਤ ਹਨ ।

ਏਥੇ ਡੱਡੂ ਤੇ ਬਿੰਡੇ ਗਾਉਂਦੇ ਨੇ
ਇੱਥੇ ਢੋਲ ਢਮੱਕੇ ਹੁੰਦੇ ਨੇ ।

ਪਾ ਮੈਡੱਵਿਲਾ ਦੇ ਵਸਤਰ
ਪਾ ਪਿੱਪਲ ਪੱਤੀਆਂ ਤੇ ਗੁਲੂਬੰਦ
ਮੈਂ ਇੱਥੇ ਘੁੰਮਦੀ ਰਹਿੰਦੀ ਹਾਂ
ਜਦ ਜੀ ਕਰੇ ਕਿਤੇ ਬਹਿ ਜਾਂਦੀ ਹਾਂ ।
ਖ਼ੁਦ ਨਾਲ ਗੱਲਾਂ ਕਰਦੀ ਹਾਂ

ਕਦੇ ਰੋਂਦੀ ਹਾਂ
ਤੇ ਕਦੇ ਹੱਸਦੀ ਹਾਂ ।

ਕਦੇ ਕੋਲ ਕੋਈ ਆ ਬਹਿੰਦਾ ਹੈ
ਤੇ ਹੱਸ ਹੱਸ ਕੇ ਕੁੱਝ ਕਹਿੰਦਾ ਹੈ
ਮੈਨੂੰ ਹਸਾ ਕੇ ਤੇ ਰੁਆ ਕੇ ਫਿਰ
ਓਹ ਘਰ ਆਪਣੇ ਤੁਰ ਜਾਂਦਾ ਹੈ ।

ਇਹੋ ਮੇਰੀ ਦੁਨੀਆਂ ਹੈ
ਇਹੋ ਮੇਰਾ ਸਭ ਕੁੱਝ ਹੈ
ਤੇ ਇਹ ਏਨਾ ਪਿਆਰਾ ਹੈ
ਕਿ ਕਿਸੇ ਹੋਰ ਅਸਲੀਅਤ ਦੀ
ਇਹਦੇ ਵਿਚ ਗੁੰਜਾਇਸ਼ ਨਹੀਂ ਹੈ ।

5. 15.13

ਮੇਰੀ ਆਸ

ਪੱਤਿਆਂ ਉੱਤੇ ਪੱਬ ਟਿਕਾਉਂਦੀ
ਉੱਡਦੀ ਫਿਰਦੀ
ਛਮਛਮਾਉਂਦੀ ਝਾਂਜਰਾਂ ਵਾਲੀ
ਫੁੱਲਾਂ ਜਹੀ ਨਜ਼ਾਕਤ ਵਾਲੀ
ਝੱਲੀ ਮੇਰੀ ਆਸ ।

ਕਦੇ ਕਦੇ ਜਦ ਮੌਸਮੀ ਝੱਖੜ
ਲੁੱਟ ਲੈ ਜਾਂਦੈ ਹਰ ਖੁਸ਼ੀ
ਤਾਂ ਪਲ ਕੁ ਲਈ ਡਿੱਗ ਪੈਂਦੀ ਹੈ
ਹੋ ਲਿੱਸੀ ਜਹੀ ਤੇ ਨਿਰਾਸ਼ ।

ਪਰ ਫਿਰ ਉੱਠੇ
ਮੂੰਹ 'ਤੇ ਖੁਸ਼ੀ ਦਾ ਪੋਚਾ ਲਾਵੇ
ਅੱਖੀਂ ਕੱਜਲ
ਨਾਗਣ ਵਾਲੀ ਗੁੱਤ ਬਣਾ ਕੇ
ਪਿੱਪਲ ਪੱਤੀਆਂ ਕੰਨੀ ਪਾ ਕੇ
ਆਪਣੇ ਅਸਲੀ ਰੂਪ 'ਚ ਆ ਕੇ
ਹੱਸਦੀ ਆਸ਼ਾਵਾਂ ਨੂੰ ਝੋਲੀ ਪਾਉਂਦੀ
ਪੱਤਿਆਂ ਉੱਤੇ ਪੱਬ ਟਿਕਾਉਂਦੀ
ਛਮਛਮਾਉਂਦੀ
ਮੁੜ ਆ ਜਾਏ ਮੇਰੀ ਆਸ ।

5.17.13

ਇਕ ਓਂਕਾਰ

ਚੀਤੇ ਦੀ ਦਹਾੜ ਨਾਲ ਸਿਆਹ ਰਾਤ ਕੰਬਦੀ
ਜੰਗਲ ਦੀ ਕੁੱਖ ਵਿਚ ਇੱਕ ਨਦੀ ਏ ਵਹਿੰਦੀ
ਲਹਿਰਾਂ ਵਿਚ, ਅਚਾਨਕ, ਇੱਕ ਲੜੀ ਏ ਬਣਦੀ
ਤੇ ਕਲਲ ਕਲਲ ਦੀ ਰਾਗਿਨੀ ਚੰਨ ਕਣੀਆਂ ਬੁਣਦੀ :
" ਇਕ ਓਂਕਾਰ
ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦ... ''

ਮੈਂ ਕਿੱਥੇ ਹਾਂ ?
" ਮੈਂ " ਕੌਣ ਹਾਂ ?
" ਇਕ ਓਂਕਾਰ...."
ਮੈਂ, ਨਹੀਂ, ਮੈਂ, ਇਹ ਮੈਂ, ਤੇ ...
" ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ... ''

ਇਹ ਨਦੀ ਹੈ
ਇਹਦੇ 'ਚ ਬਣਦੀਆਂ ਇਹ ਲਹਿਰਾਂ ਨੇ
ਫੇਰ ਇਹ ਸ਼ਬਦ ਕਿੱਥੋਂ ਜੁੜ ਗਏ ?
ਏਸ ਵੇਲੇ, ਇਹ ਗਾਉਣ ਕੌਣ ਲੱਗ ਪਿਆ ?
ਇਹ ਚਾਨਣ ਕਿੱਥੋਂ ਵੱਸ ਪਿਆ ?

ਧਰਤੀ, ਆਕਾਸ਼, ਪਤਾਲ
ਲੱਖ ਸੂਰਜ, ਚੰਨ, ਸਿਆਰ
ਸਭ ਆਪਣੀ ਆਪਣੀ ਹੋਂਦ ਵਿਚ
ਪਰ ਚੱਲਣ ਨਾਲੋ ਨਾਲ ।

ਤੇ ਮੈਂ, ਮੈਂ ਪਤਾ ਨਹੀਂ ਕੌਣ ਹਾਂ ?

ਤੂੰ ਵੀ ਹੈਂ ਇੱਕ ਅਣੂ ਇਨ੍ਹਾਂ 'ਚੋਂ
ਹੋਂਦ ਇਨ੍ਹਾਂ 'ਚੋਂ
ਆਵਾਜ਼ ਇਨ੍ਹਾਂ 'ਚੋਂ ।

ਮੰਦਿਰ, ਮਸਜਿਦ, ਗੁਰਦਵਾਰੇ ਤੋਂ
ਗੀਤਾ, ਗਰੰਥ, ਕੁਰਾਨ 'ਚੋਂ
ਇੱਕ ਆਵਾਜ਼ :
'' ਇਕ ਓਂਕਾਰ
ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦ..। ''

5.17.13

ਅਰਾਧਨਾ

ਸਾਰਾ ਵਣ-ਤ੍ਰਿਣ ਮਹਿਕ ਵਿਚ ਜਾਗਿਆ
ਸ਼ਾਖਾਂ ਝੁਕੀਆਂ ਫੁੱਲਾਂ ਦੇ ਹਾਰ ਲੈ ਕੇ ।

ਘੁੰਮਣ ਘੇਰੀਆਂ ਵਿਚ ਨੇ ਵਗਦੀਆਂ
ਨਿੱਕੀਆਂ ਨਦੀਆਂ ਤਰੰਗਾਂ ਬੇ-ਸ਼ੁਮਾਰ ਲੈ ਕੇ ।

ਪਏ ਮਾਰਨ ਟਪੂਸੀਆਂ ਹਰਨੋਟੜੇ
ਮਨ ਖ਼ੁਸ਼ੀਆਂ ਦੇ ਅੰਬਾਰ ਲੈ ਕੇ ।

ਚਿੜੀਆਂ ਪੌਣਾਂ ਦੀ ਸੁਰ ਚੁਰਾ ਲੀਤੀ
ਆਇਆ ਸੂਰਜ ਜਦੋਂ ਕਿਰਨਾ ਦਾ ਤਾਜ ਲੈ ਕੇ ।

ਲਾਹ ਚੰਨ ਤੇ ਤਾਰਿਆਂ ਦੇ ਜੇਵਰਾਂ ਨੂੰ
ਅੰਬਰ ਢੁੱਕਾ ਬਸੰਤਰੀ ਰੰਗਦਾਰ ਲੈ ਕੇ ।

ਧਰਤੀ ਨੇ ਸਾਵਾਂ ਸਾਲੂ ਓਹੜਿਆ
ਹੱਥ ਜੋੜ ਘੁੰਮੇਂ ਤੇਰਾ ਪਿਆਰ ਲੈ ਕੇ ।

ਤੜਕਸਾਰ ਇੱਕੋ ਇੱਕ ਧਿਆਨ ਕਰ
ਸਗਲ ਕੁਦਰਤ ਧਿਆਏ ਤੈਨੂੰ ਰਾਮ ਰਾਜੇ ।
ਸਗਲ ਕੁਦਰਤ ਧਿਆਏ ਤੈਨੂੰ ਰਾਮ ਰਾਜੇ ।

5.18.13

ਪਿਆਰ

ਭਲਾ ਕਿੰਨਾ ਕੁ ਚਿਰ ਕੋਈ ਕਰਦਾ ਜਾਵੇ
ਚੁੱਪ ਖਲੋਤੇ ਰੁੱਖ ਨਾਲ ਗੱਲਾਂ !
ਕੁੱਝ ਖਿੱਝਦੀ ਤੇ ਸੋਚਦੀ ਓਹ,
ਬਾਂਹ ਸਿਰ ਹੇਠ ਦੇ ਸੌਂ ਗਈ ।
ਜਾਗਣ 'ਤੇ ਦੇਖਿਆ ਕਿ
ਛਾਂਅ ਨੇ ਓਹਨੂੰ ਢੱਕ ਰਖਿਆ ਸੀ
ਤੇ ਤਾਜੀ ਪੌਣ ਦੇ ਰਹੀ ਸੀ ਲੋਰੀ ।
ਪਿਆਰ ਨੂੰ
ਪ੍ਰਵਾਹ ਨੂੰ
ਸ਼ਬਦਾਂ 'ਚ ਹਮੇਸ਼ਾਂ
ਕੁੱਝ ਵੀ ਕਹਿਣ ਦੀ ਲੋੜ ਨਹੀਂ ਹੁੰਦੀ ।

5. 19.13

ਕਾਰਬਨ ਮੌਲੀਕੀਊਜ਼ ਦੀ ਜ਼ੁਬਾਨੀ

ਸੱਚੀ ਗੱਲ ਹੈ ਭਾਈ
ਕਿ ਆਪਾਂ ਤਾਂ ਨਾ ਹਿੰਦੂ ਹਾਂ ਨਾ ਸਿੱਖ ਹਾਂ
ਤੇ ਨਾਹੀਂ ਕੁੱਝ ਹੋਰ ਅਜਿਹਾ ।
ਉਂਜ ਆਪਾਂ ਮੰਦਿਰ ਤੇ ਗੁਰਦੁਆਰੇ ਵੀ ਜਾ ਆਉਂਦੇ ਹਾਂ
ਚੰਗੀ ਲੱਗਦੀ ਹੈ ਸਾਨੂੰ ਬਜਰੰਗ ਬਲੀ ਦੀ ਤਾਕਤ
ਕ੍ਰਿਸ਼ਨ ਤੇ ਗੋਪੀਆਂ ਦੀ ਰੰਗ ਰੱਤੀ ਕਹਾਣੀ
ਆਸਾ ਦੀ ਵਾਰ
ਤੇ ਨਾਨਕ ਦੀ ਬਾਣੀ ।
ਓ ਝੂਮ ਜਾਂਦੇ ਹਾਂ ਆਪਾਂ ਕੁੱਝ ਆਇਤਾਂ ਸੁਣ ਕੇ
ਤੇ ਪਸੀਜ ਦਿੰਦੀ ਹੈ ਸਾਨੂੰ ਈਸਾ ਦੀ ਕੁਰਬਾਨੀ ।

ਇਹ ਤਾਂ ਕੁੱਝ ਰਸਤੇ ਹਨ
ਮਦਰੱਸੇ ਹਨ
ਏਸ ਜੰਗਲ 'ਚੋਂ ਸਾਨੂੰ ਲੰਘਾਣ ਲਈ
ਮੂਧੇ ਮੂੰਹ ਡਿੱਗਣੋ ਬਚਾਣ ਲਈ ।

ਪਰ ਸੱਚ ਜਾਣੀ ਕਿ
ਅਸੀਂ ਆਪਣੇ ਆਪ 'ਚ,
ਸਿਵਾਏ ਰੀਸਾਈਕਲਡ ਕਾਰਬਨ ਮੌਲੀਕੀਊਜ਼ ਦੇ
ਹੋਰ ਕੁੱਝ ਨਹੀਂ ਹਾਂ ।

5.20.13

ਫੁੱਲ, ਬੀ ਤੇ ਮਿੱਟੀ

ਖੂਬ ਹੈ ਇਹ ਜੀਣਾ ਤੇ ਮਰਣਾ
ਖੇਡ੍ਹ ਖਿਡਾਉਣੇ ਕਰਨਾ ।
ਬਈ ਮਰਨਾ ਵੀ ਕਿਹੜੀ ਆਫ਼ਤ ਹੈ
ਪਹਿਲਾਂ ਵਾਂਗੂੰ, ਮੁੜ ਕਿਤੇ ਜੰਮ ਜਾਵਾਂਗੇ
ਕਿਸੇ ਨਵੇਂ ਪੰਗੇ ਵਿਚ ਪੈ ਜਾਵਾਂਗੇ ।
ਖੌਰੇ ਕਿੰਨੀ ਵਾਰ ਹਾਂ ਰੀਸਾਈਕਲਡ ਹੋਏ
ਤੇ ਕਿੰਨੀ ਵਾਰ ਹੋਣਾ ਹੈ
ਤੇ ਕਾਰਬਨ ਮੌਲੀਕੀਊਜ਼ ਨੇ ਕੀ ਕੀ ਰੰਗ ਦਿਖਾਉਣਾ ਹੈ ।

ਹਾਂ, ਜੀਣ ਦੀਆਂ ਕੁੱਝ ਮੁਸ਼ਕਿਲਾਂ ਨੇ :
ਦਸ ਕੁ ਸਾਲ, ਠੇਡੇ ਖਾ ਖਾ ਤੁਰਨਾ ਸਿੱਖਣਾ
ਫ਼ਿਰ ਨੱਸਣ ਲੱਗਣਾ ਤਾਂ ਪੈਰੀਂ ਜ਼ੰਜੀਰਾਂ
ਰੰਗ ਪਿਆਰੇ ਲੱਗ ਜਾਣੇ ਤਾਂ ਅੱਖਾਂ 'ਤੇ ਪੱਟੀ
ਗੱਲ ਗੱਲ 'ਤੇ ਹਾਸਾ ਆ ਜਾਣਾ ਤਾਂ ਹੱਸਣ ਨਾ ਦੇਣਾ
ਆਲੇ-ਦੁਆਲੇ ਕੰਧਾਂ ਖੜ੍ਹੀਆਂ
ਤੇ ਵਿਚ ਰੀਸਾਈਕਲਡ ਮਿੱਟੀ
ਜੋ ਹੁਣੇ ਹੁਣੇ ਹੀ ਫੁੱਲ ਬਣੀ ਹੈ ।
ਫੁੱਲ, ਬੀ ਤੇ ਮਿੱਟੀ । ਫੁੱਲ, ਬੀ ਤੇ ਮਿੱਟੀ
ਦੁਨੀਆਂ ਦੇਖਣ ਦੀ ਉਤਸੁਕ
ਕਿੰਨਾ ਹੀ ਕੁੱਝ ਜਾਨਣ ਦੀ ਉੱਤਸੁਕ ।
ਪਰ, ਨਹੀਂ - ਪਰ, ਨਹੀਂ !
ਰੀਸਾਈਕਲਡ ਮਿੱਟੀ 'ਤੇ ਲੱਗਾ ਠੱਪਾ ਹੈ
ਤੇ ਓਸ ਠੱਪੇ ਨਾਲ ਅਣਖ ਤੇ ਇਜ਼ੱਤ ਦਾ ਰਿਸ਼ਤਾ ਹੈ ।
ਏਸ ਲਈ, ਦੁਆਲੇ ਕੰਧਾਂ ਤੇ ਪੈਰੀਂ ਜ਼ੰਜੀਰਾਂ ਹਨ
ਸ਼ਾਇਦ, ਇੱਕ ਦਿਨ ਓਹ ਕੰਧਾਂ ਢਾਹ ਜ਼ੰਜੀਰਾਂ ਲਾਹ ਕੇ ਮੁਕਤ ਹੋਏਗੀ
ਜਾਂ ਆਪਣੀ ਹੋਣੀ ਮੰਨ ਲਏਗੀ ।

ਫਿਰ ਨਵੀਂ ਨਕੋਰ ਹੋਣ ਲਈ
ਫਿਰ ਤੋਂ ਕਿਸਮਤ ਅਜ਼ਮਾਉਣ ਲਈ
ਤੁਰ ਜਾਏਗੀ
ਤੇ ਮੁੜ ਆਏਗੀ ।
ਮਾੜੀ ਨਹੀਂ ਹੈ ਖੇਡ੍ਹ ਇਹ
ਬੱਸ ਦੁਆ ਕਰੋ ਕਿ ਅਗਲੀ ਵਾਰੀ
ਦੁਆਲੇ ਕੰਧਾਂ ਨਾ ਹੋਣ
ਤੇ ਇੱਜ਼ਤ ਤੇ ਅਣਖ ਦੇ ਠੱਪੇ ਨਾ ਹੋਣ
ਤੁਸੀਂ ਆਜ਼ਾਦ ਜੀਵੋ
ਦੁਨੀਆਂ ਦੇਖੋਂ
ਇਸ ਸਕੂਲ 'ਚ ਕੁੱਝ ਚੱਜਦਾ ਸਿੱਖੋਂ
ਤੇ ਫਿਰ ਇੱਕ ਦਿਨ, ਕਿਸੇ ਨਵੀ ਦੁਨੀਆਂ ਦੀ ਤਾਲਾਸ਼ ਵਿਚ
ਅਲਵਿਦਾ ਆਖ ਕੇ ਤੁਰ ਜਾਵੋਂ ।

5.19.13

ਤੋਰੀਆਂ ਦੀ ਵੇਲ

ਤੋਰੀਆਂ ਦੀ ਵੇਲ 'ਤੇ ਇੱਕ ਪੀਲਾ ਸਪੀਕਰ ਫੁੱਲ ਖਿੜਿਆ ਹੈ
ਓਥੋਂ ਹੋ ਰਿਹਾ ਹੈ :
ਅੱਲਾ ਹੂ ਅਕਬਰ, ਰਾਮ ਰਾਜੇ ਤੇ ਸੀਤਾ ਰਾਮ ।
ਮੈਂ ਇਹ ਨਜ਼ਰਾਂ ਨਾਲ ਵੇਂਹਦੀ ਹਾਂ
ਤੇ ਦਿਲ ਦੇ ਨਾਲ ਸੁਣਦੀ ਹਾਂ :
ਅੱਲਾ ਹੂ ਅਕਬਰ, ਰਾਮ ਰਾਜੇ ਤੇ ਸੀਤਾ ਰਾਮ ।
ਵੇਲ ਖੁਸ਼ ਹੈ, ਪੌਣ ਖੁਸ਼ ਹੈ,
ਮਿੱਟੀ ਖੁਸ਼ ਹੈ ਤੇ ਮੈਂ ਵੀ ਖੁਸ਼ ਹਾਂ ।
ਅਗਲੇ ਹਫ਼ਤੇ, ਬਣਨਾ ਹੈ ਇਸ ਸਾਵੀਂ ਤੋਰੀ
ਮਾਰ ਛਲਾਂਗਾਂ ਵੱਧਣਾ ਹੈ
ਅੱਖ ਬਚਾ ਕੁੱਝ ਕੀੜੇ ਤੇ ਜੀਵਾਂ ਤੋਂ ਚੋਰੀਂ
ਫੇਰ ਤੇਰੇ ਤੇ ਮੇਰੇ ਲਈ ਭੋਜਨ ਦਾ ਸਾਧਨ ਬਣਨਾ ਹੈ ।

ਕੀ ਇਨਸਾਨ ਵੀ ਇੱਕ ਤੋਰੀ ਦੀ ਵੇਲ ਦੇ ਹਾਣ ਦਾ ਹੋ ਸਕਦਾ ਹੈ ?
ਇੰਜ ਦੂਜਿਆਂ ਲਈ ਜੀ ਸਕਦਾ ਹੈ ?
ਤੇ ਮਰ ਸਕਦਾ ਹੈ ?

5.20.13

ਮੱਮਟੀ ਬੈਠ ਕਲੂਟਾ ਜੋੜਾ

ਮੱਮਟੀ ਬੈਠ ਕਲੂਟਾ ਜੋੜਾ
ਕਰੇ ਕਲੋਲਾਂ
ਉੱਤੇ ਹੇਠਾਂ
ਉਲਝੀਆਂ ਚੁੰਝਾਂ
ਅਸ਼ਲੀਲ ਚੋਹਲਾਂ ।

ਸੀਨੇ ਵਿਚ ਦੋ ਵੱਜਣ ਗੁਲੇਲਾਂ
ਤਾਂ ਗੁਟਰ-ਗੂੰ ਦੀ ਸਿੰਫ਼ਨੀ ਖ਼ੂਬ ਰਹੇ ।

5.21.13

ਗਮਲੇ ਦੀ ਵੇਲ

ਗਮਲੇ ਵਿਚ ਇੱਕ ਲੱਗੀ ਵੇਲ
ਕੁੱਝ ਜਾਮਨੀ ਫੁੱਲ ਖਿਲਾ ਕੇ
ਪੌਣਾਂ ਦੇ ਵਿਚ ਮਹਿਕ ਮਿਲਾ ਕੇ
ਸੱਦੇ ਤਿੱਤਲੀਆਂ ਤੇ ਭੌਰਿਆਂ ਦੇ ਮੇਲ ।

ਕੋਈ ਡਰ ਸੀ ਗੁੱਝਾ
ਕਿ ਹੁਸਨ ਓਸ ਦਾ ਬਿਨ ਤਾਰੀਫ਼ੋਂ
ਮੁੱਕ ਨਾ ਜਾਵੇ
ਸੁੱਕ ਨਾ ਜਾਵੇ ।

ਏਸ ਲਈ, ਸਪੀਕਰਾਂ ਥਾਣੀਂ
ਚੜ੍ਹ ਚੁਬਾਰੇ ਹੋਕਾ ਲਾਇਆ
ਆਸ਼ਕਾਂ ਨੂੰ ਸੱਦ ਬੁਲਾਇਆ

ਤੇ ਫ਼ੇਰ ਜਾਮਨੀ ਦੁੱਪਟਾ ਓਹੜੀ
ਲਾ ਪੱਤਿਆਂ ਦੀ ਪੌੜੀ
ਸ਼ਰਮ-ਹਯਾ ਦਾ ਨਾਟਕ ਕਰਦੀ
ਨਾਲ ਦੀ ਕੰਧ 'ਤੇ ਚੜ੍ਹ ਕੇ ਬਹਿ ਗਈ ।

5.21.13

ਵੇ ਪੰਸਾਰੀਆ

ਪੁੜੀ ਵਿਚ ਪਾ ਕੇ ਲੌਂਗ ਤੇ ਇਲਾਚੀਆਂ
ਚੁੱਟਕੀ ਕੁ ਮਿਸ਼ਰੀ ਮਿਲਾ ।
ਨੱਥ ਦੇਈਂ ਛੱਟਾਕੀ ਇੱਕ ਕੇਸਰ ਦੀ ਏਸ ਵਿਚ
ਲੱਖ ਭਾਵੇਂ ਹੋਵੇ ਇਹਦਾ ਭਾਅ ।
ਭੋਰਾ ਕੁ ਮਿਲਾ ਦਈਂ ਸਵਾਹ ਸੁੱਚੇ ਮੋਤੀਆਂ ਦੀ
ਬਣੇ ਇਹ ਆਹਲਾ ਦਵਾ ।
ਪੀਸ ਪਾਈਂ ਮੂੰਗੇ ਵੀ ਦੋ, ਚਾਰ ਅੜਿਆ ਵੇ
ਕਰਦੇ ਨੇ ਫ਼ਾਇਦਾ ਏ ਬੜਾ ।
ਤੇਰੀਆਂ ਸਿਆਣਪਾਂ ਦੀ ਵੀ ਬੂਟੀ ਕੋਈ ਹੋਵੇ ਵਿਚ
ਦੇਵੇ ਕੋਈ ਗੁਲ ਖਿਲਾ ।
ਵੇ ਤਰੌਂਕ ਦੇਵੀਂ ਸੋਨ ਪਾਣੀ ਏਸ ਸਭ ਕਾਸੇ ਉੱਤੇ
ਰੁੱਕੇ ਕੁੱਝ ਦਿਲ ਦਾ ਘਟਾਅ .
ਦੁੱਧ ਤੱਤੇ ਨਾਲ ਅੱਜ ਖਾਣੀ ਪੁੜੀ ਚੋਰੀਂ ਚੋਰੀਂ
ਰੱਖੀਂ ਸਾਡਾ ਭੇਤ ਲੁਕਾ
ਵੇ ਪੰਸਾਰੀਆ, ਰੱਖੀਂ ਸਾਡਾ ਭੇਤ ਲੁਕਾ ।
ਖੋਰੇ ਕਦ ਆ ਚੁੱਕੇ ਬੂਹੇ ਉੱਤੇ ਚੰਨ ਮਾਹੀ
ਸਾਂਭੇ ਨਾ ਜਾਂਦੇ ਸਾਥੋਂ ਚਾਅ
ਵੇ ਪੰਸਾਰੀਆ, ਸਾਂਭੇ ਨਾ ਜਾਂਦੇ ਸਾਥੋਂ ਚਾਅ ।
ਹੱਥਾਂ ਨੂੰ ਮਰੋੜਦੀ ਹਾਂ, ਪੈਰ ਪਏ ਡੋਲਦੇ
ਮੱਥੇ 'ਤੇ ਤਰੇਲੀਆਂ ਦੇ ਤਾਅ
ਵੇ ਪੰਸਾਰੀਆ, ਮਥੇ 'ਤੇ ਤਰੇਲੀਆਂ ਦੇ ਤਾਅ ।
ਲੁਕ ਲੁਕ ਬੈਠਦੀ ਮੈਂ ਸੱਸ ਤੇ ਨਣਾਨ ਕੋਲੋਂ
ਆਉਣ ਅੱਜ ਔਖੇ ਬੜੇ ਸਾਹ
ਵੇ ਪੰਸਾਰੀਆ, ਆਉਣ ਅੱਜ ਔਖੇ ਬੜੇ ਸਾਹ ।
ਛੇਤੀਂ ਕਰ, ਦੇਹ ਪੁੜੀ ਤੋਰ ਮੈਨੂੰ ਹੱਟ ਤੋਂ
ਜਾ ਕੇ ਹੋਵਾਂ ਮੈਂ ਸਹਿਜ ਜ਼ਰਾ

ਵੇ ਪੰਸਾਰੀਆ, ਹੋਵਾਂ ਮੈਂ ਸਹਿਜ ਜ਼ਰਾ ।
ਅੱਜ ਹੀ ਈਦ ਹੈ, ਤੇ ਅੱਜ ਹੀ ਉਮੀਦ ਹੈ
ਕੱਲ ਦਾ ਨਾ ਕੋਈ ਵਸਾਹ
ਵੇ ਪੰਸਾਰੀਆ, ਕੱਲ ਦਾ ਨਾ ਕੋਈ ਵਸਾਹ ।
ਇੱਕ ਆਸ ਮਨ ਵਿਚ, ਜਾਦੂ ਪੁੜੀ ਤਨ ਵਿਚ
ਸਾਡੀ ਓਡੀਕ ਦੀ ਏਹੋ ਏ ਦਵਾ
ਵੇ ਪੰਸਾਰੀਆ, ਸਾਡੀ ਉਡੀਕ ਦੀ ਏਹੋ ਏ ਦਵਾ ।

5.23.13

ਦਿਲ ਦਾ ਕੋਈ ਨਹੀਂ

ਹਵਾਵਾਂ ਕਿੰਨੀਆਂ ਰਹਿਮ ਦਿਲ ਨੇ
ਮਿਟਾ ਵੀ ਦਿੱਤੇ ਹਰ ਰਸਤੇ ਤੋਂ
ਤੇਰੇ ਕਦਮਾਂ ਦੇ ਨਿਸ਼ਾਨ ।
ਤੇਰੇ ਨਾਅ ਤੋਂ ਮੁੱਕਰ ਜਾਣਾ
ਹੁਣ ਕਿੰਨਾ ਆਸਾਨ ਹੋ ਗਿਆ ਏ ।
ਦਿਲ ਦਾ ਕੋਈ ਨਹੀਂ
ਇਹ ਤਾਂ ਸਿਰਫ ਮੈਂਹੀਓਂ ਦੇਖਦੀ ਹਾਂ
ਜਿੱਥੇ ਨਿਰੰਤਰ ਬਲਦਾ ਏ
ਤੇਰੀਆਂ ਯਾਦਾਂ ਦਾ ਸਿਵਾ ...
ਜਲਣ ਦਾ ਕੋਈ ਕਿੰਨਾ ਆਦੀ ਹੋ ਜਾਂਦਾ ਏ .... !

5.25.13. : 7: 05 ਸਵੇਰ

ਅਸੀਂ ਨਹੀਂ ਹੁਣ ਦੇਖਣੇ

ਤੂੰ ਉੜਾਈ ਜਾਹ ਜਿੰਨੇ ਮਰਜੀ ਕਬੂਤਰ
ਅਸੀਂ ਨਹੀਂ ਹੁਣ ਦੇਖਣੇ ਇਹ
ਸਾਡੇ ਕੋਲ, ਬਾਗੀਂ ਬੈਠੇ, ਅੰਬੀਆਂ ਖਾਂਦੇ, ਹਰੀਅਲ ਹਨ
ਤੇ ਉਨ੍ਹਾਂ ਦੀਆਂ ਕਹਾਣੀਆਂ ਵੀ
ਮਨੋਰੰਜਨ ਲਈ, ਤੋਤਾ ਤੇ ਮੈਨਾ ਦੀ ਕਹਾਣੀ ਹੈ
ਅਸੀਂ ਨਹੀਂ ਹੁਣ ਦੇਖਣੇ
ਤੇਰੇ ਕਬੂਤਰ ।

5.25.13. 7:50 ਸਵੇਰ

ਪਿਆਰੀ ਨਿੰਮੋ

ਪਾਣੀ, ਮਿੱਟੀ ਤੇ ਨਮੋਲੀ ਦੇ ਮਿਲਾਪ ਤੋਂ ਤੂੰ ਜੰਮੀ ਸੀ
ਤਾਂ ਦੁਆਲੇ ਕਿਸੇ ਰੱਖ ਦਿੱਤੀਆਂ ਸਨ ਕੱਚੀਆਂ ਇੱਟਾਂ ।
ਨੇੜੇ ਬਹਿ ਮੈਂ ਗੁੱਡੀਆਂ ਤੇ ਗੁੱਟਿਆਂ ਨਾਲ ਖੇਡ੍ਹਦੀ ਸੀ
ਜਾਂ ਮੁੰਨੀ ਨਾਲ ਘੋੜੀ ਘੋੜੀ ।
ਲਾ-ਪਰਵਾਹੀ ਵਿਚ, ਮਾਂ ਸੁੱਟ ਦਿੰਦੀ ਸੀ ਤੇਰੇ 'ਤੇ ਭਾਂਡਿਆਂ ਦਾ ਪਾਣੀ
ਤੇ ਤੂੰ ਸੁਘੜ ਸਿਆਣੀ,
ਏਸੇ ਤੋਂ, ਨਿੱਤ ਕਚੂਰ ਪੱਤ-ਚੁੰਝਾਂ ਕੱਢਦੀ,
ਤੇ ਲਗਰ ਜਿਓਂ ਵੱਧਦੀ ਜਾਂਦੀ ਸੀ ।

ਚਿੜੀਆਂ ਦੇ ਬੈਠਣ ਜੋਗੀ ਹੋਈ ਜਦ ਤੂੰ,
ਤਾਂ ਅਸੀਂ ਵਿੱਛੜ ਗਈਆਂ ਸੀ ।
ਤੂੰ ਓੱਥੇ, ਤੇ ਮੈਂ ਜ਼ਿੰਦਗੀ ਦੇ ਅਨਜਾਣੇ ਰਸਤਿਆਂ 'ਤੇ
ਸ਼ਾਇਦ, ਇੱਕ ਦੂਜੀ ਨੂੰ ਭੁੱਲ ਗਈਆਂ ਸੀ ?

ਇਹ ਕੋਈ ਪਿਛਲੇ ਜਨਮ ਦੀਆਂ ਗੱਲਾਂ ਹਨ ਜਾਂ ਸੁਪਨੇ ਹਨ ?
ਹੁਣ ਤਾਂ ਤੂੰ ਇੱਕ ਭਰਿਆ ਛਾਂਦਾਰ ਰੁੱਖ ਹੋਏਂਗੀ
ਤੇ ਅਨੇਕਾਂ ਪੰਛੀ, ਉੱਲੂ ਤੇ ਕਾਟੋਆਂ ਦਾ ਘਰ ਹੋਏਂਗੀ ।
ਕਿਸੇ ਲੱਕੜਹਾਰੇ ਨੂੰ ਤਾਂ ਸ਼ੈਤ ਨਹੀਂ ਮਿਲਦੇ ਹੋਣੇ ਖਾਣ ਨੂੰ ਕੀੜੇ
ਪਰ ਨਿਆਣਿਆਂ ਨੂੰ ਨਮੋਲੀਆਂ ਦੀ ਬੜੀ ਮੌਜ ਹੋਏਗੀ ।

ਓ ਪਿਆਰੀ ਨਿੰਮੋ, ਮਿਹਰਾਂ ਦਾਤੀ, ਸੁਭਾਅ ਵੱਜੋਂ ਹੀ
ਵਫ਼ਾਦਾਰ ਤੇ ਸੇਵਾਦਾਰ, ਤੂੰ ਰੱਖਦੀ ਹੋਏਂਗੀ
ਪਿੰਡ ਆਪਣੇ ਦੇ ਪੌਣ ਤੇ ਪਾਣੀ ਦੀ ਰਾਖੀ ।
ਪਰ ਫੇਰ ਕੀ ਪਤਾ ਏ ਕਿ ਕਿਸੇ ਕੋਠੀ,
ਬਿਓਪਾਰ ਜਾਂ ਹੋਰ ਵਿਓਂਤਬੰਦੀ ਵਿਚ
ਤੂੰ ਆਈ ਫਿੱਟ ਨਹੀਂ, ਤੇ ਏਸ ਲਈ, ਹੁਣ ਤੂੰ ਹੈ ਹੀ ਨਹੀਂ ?

ਪਤਾ ਹੀ ਹੋਏਗਾ ਤੈਨੂੰ ਕਿ ਅਮੀਰਾਂ ਦੀ ਐਸ਼ ਅੱਗੇ
ਤੇਰਾ ਕੋਈ ਮੁੱਲ ਨਹੀਂ, ਔਕਾਤ ਨਹੀਂ !!!
ਜਦ ਜੀ ਕੀਤਾ ਚੁੱਕਿਆ ਆਰਾ, ਤੇ ਕਰਵਾ ਦਿੱਤੇ ਤੇਰੇ ਟੋਟੇ ਟੋਟੇ
ਹਾਏ ਨੀ ਅੜੀਏ, ਇਹ ਜ਼ਾਲਿਮ, ਪਾਪੀ ਖੋਟੇ !
ਇਹ ਜ਼ਾਲਿਮ, ਪਾਪੀ, ਖੋਟੇ !

ਮੈਂ ਸੋਚਦੀ ਹਾਂ ਤੇਰਾ, ਤਾਂ ਮਨ ਵਿਚ ਇੱਕ ਤਸਵੀਰ ਬਣਦੀ ਏ
ਤੇਰੀ ਨਿੱਕੀ ਜਹੀ ਦੀ
ਤੇ ਮੇਰੇ ਤੇਰੇ ਨੇੜੇ ਖੇਡ੍ਹਣ ਦੀ, ਮੰਜੀ 'ਤੇ ਸੌਂਣ ਦੀ , ਟੁੱਕ ਖਾਣ ਦੀ
ਤਾਂ ਮਨ ਮੋਹ ਨਾਲ ਭਰ ਆਉਂਦਾ ਏ
ਜੀਹਦੇ ਵਿਚ, ਉਦਾਸੀ ਦਾ ਇੱਕ ਫਿੱਕਾ ਜਿਹਾ ਰੰਗ ਵੀ ਰਲ ਜਾਂਦਾ ਏ।

5. 25.13

ਮਕਸਦ

ਇਹ ਵੀ ਇੱਕ ਵਧੀਆ ਮਨੋਰੰਜਨ ਸੀ
ਕਿ ਤੀਲ੍ਹੀ ਲੱਗਣ 'ਤੇ
ਸ਼ੂੰਅ ! ਕਰਕੇ, ਆਤਿਸ਼ਬਾਜੀ ਦਾ ਉੱਪਰ ਵੱਲ ਉੱਡਣਾ
ਤੇ ਦੁਆਲੇ, ਸਾਰਿਆਂ ਦਾ ਉੱਪਰ ਮੂੰਹ ਚੁੱਕ ਕੇ ਤੱਕਣਾ ਤੇ ਹੱਸਣਾ ।

ਬੇਸ਼ੱਕ, ਓਹਦੇ ਮੁੜ ਜ਼ਮੀਨ 'ਤੇ ਡਿੱਗਣ ਤੱਕ
ਪਟਾਕੇ ਚਲਾਉਣ ਵਾਲਿਆਂ ਨੂੰ
ਅਨਾਰਾਂ ਵਿਚ ਦਿਲਚਸਪੀ ਹੋ ਗਈ ਸੀ
ਤੇ ਓਹ ਪਤਾ ਨਹੀਂ ਕਿੱਥੇ
ਲੀਰੋ-ਲੀਰ, ਮੂਧੇ ਮੂੰਹ ਡਿੱਗੀ ਸੀ
ਪਰ ਪਲ ਕੁ ਲਈ ਦਰਸ਼ਕਾਂ ਨੂੰ,
ਇੱਕ ਹੁਲਾਰਾ ਦੇ ਗਈ ਸੀ
ਤੇ ਆਪਣੀ ਹੋਂਦ ਜਤਾ ਗਈ ਸੀ ।

ਕੀ ਇਹੋ ਨਹੀਂ ਸੀ ਮਕਸਦ ਓਹਦੀ ਹੋਂਦ ਦਾ ?
ਹਾਂ, ਇਹੋ ਤਾਂ ਸੀ - ਇਹੋ ਤਾਂ ਸੀ ।

5.28.13 6:05 ਸ਼ਾਮ

ਹੱਜ ਨੂੰ ਜਾਂਦੀਆਂ ਬਿੱਲੀਆਂ

ਨੌਂ ਸੌਂ ਚੂਹੇ ਖਾ ਕੇ,
ਹੱਜ ਨੂੰ ਜਾਂਦੀਆਂ ਬਿੱਲੀਆਂ ਦੀ ਏਨੀ ਭੀੜ ਕਿ ਪੁੱਛੋ ਨਾ
ਤੇ ਹੁਣ ਨਿੱਤ ਮੁੰਡਿਆਂ ਨੂੰ ਫਿਟਕਾਰਾਂ :
" ਓਏ, ਤੁਸੀਂ ਕੁੜੀਆਂ ਕੰਨੀ ਕਿਓਂ ਵੇਖਦੇ ਓਂ ?
ਧਿਆਨ ਨਾਲ ਆਪਣੇ ਕੰਮ ਕਰੋ
ਤੇ ਆਪਣੇ ਮਾਪਿਆਂ ਦਾ ਨਾਂਅ ਉਚਾ ਕਰੋ ।"

ਤੇ ਧੀਆਂ ਨੂੰ : " ਕੁੜੇ, ਹੱਸ ਹੱਸ ਕੇ ਤੁਸੀਂ ਸਾਨੂੰ ਬਦਨਾਮ ਕਰਨਾ ਹੈ
ਸਾਡੇ ਮਰਨ ਨੂੰ ਥਾਂਹ ਕਰਨਾ ਹੈ
ਜੇ ਚੁੱਪ ਕਰਕੇ ਨਹੀਂ ਬਹਿਣਾ
ਤਾਂ ਅਸੀਂ ਛੇਤੀਂ ਹੀ ਫਾਹਾ ਵੱਢ
ਆਪਣੇ ਘਰੋਂ ਕੱਢ ਦੇਣਾ ਹੈ ।
ਸੋ, ਸੋਚ ਲਵੋ, ਹਾਂ, ਸੋਚ ਲਵੋ ।"
ਵਾਹ ਜੀ ਵਾਹ ! ਮੁੰਡੇ ਨੂੰ ਨਸੀਹਤਾਂ ਦਿੰਦਾ ਭੁੱਲ ਗਿਆ ਏ ਭੂਰਾ
ਕਿ ਕਿਵੇਂ ਕੁੜੀਆਂ ਪਿੱਛੇ ਓਹ ਲਾਲਾਂ ਸੁੱਟਦਾ ਹੁੰਦਾ ਸੀ
ਇੱਕ ਨੂੰ ਛੱਡਦਾ ਤੇ ਦੂਜੀ ਦੀ ਬਾਂਹ ਫੜ੍ਹਦਾ ਸੀ
ਤੇ ਇਨ੍ਹਾਂ ਕਰਤੂਤਾਂ ਕਰਕੇ ਕਿੰਨੀ ਵਾਰ ਜੁੱਤੀਆਂ ਵੀ ਖਾ ਚੁੱਕਾ ਸੀ ।
ਅੱਜ ਛਾਤੀ ਤਾਣ ਕੇ ਕਹਿੰਦਾ ਹੈ,
"ਪੁੱਤ-ਧੀਆਂ ਨੂੰ ਤਾੜ ਕੇ ਰੱਖਣਾ ਜ਼ਰੂਰੀ ਹੈ
ਅਸੀਂ ਆਪਣੇ ਸਮਾਜ 'ਚ ਰਹਿਣਾ ਹੈ
ਇਹ ਸਾਡੀ ਇਜ਼ੱਤ ਤੇ ਅਣਖ ਦਾ ਮਸਲਾ ਹੈ ।"

ਤੇ ਆਹ ਗੌਰੀ,
ਜਿਹੜੀ ਸਕੂਲ ਟੀਚਰਾਂ ਨੂੰ ਨਿੱਤ ਕਿਤਾਬਾਂ ਵਿਚ ਰੁੱਕੇ ਰੱਖ ਦਿੰਦੀ ਸੀ
ਜਿਹੜੀ ਕਿਸੇ ਆਸ਼ਕ ਨੂੰ ਅਮਰੀਕਾ ਤੋਰਦੀ ਰੋਂਦੀ ਸੀ
ਤੇ ਅਗਲੇ ਹਫ਼ਤੇ, ਕਿਸੇ ਹੋਰ ਨਾਲ ਸਿਨਮੇ ਜਾ ਬੈਠੀ ਸੀ

ਜਿਹੜੀ ਵਿਆਹ ਪਿਛੋਂ ਵੀ, ਗਾਣੇ ਸੁਣਦੀ,
ਆਸ਼ਕਾਂ ਨੂੰ ਯਾਦ ਕਰ ਰੋਂਦੀ ਸੀ
ਅੱਜ ਬੜੇ ਫ਼ਖ਼ਰ ਨਾਲ ਕਹਿੰਦੀ ਹੈ,
" ਮੈਂ ਬੜੀ ਸਟ੍ਰਿਕਟ ਮਾਂ ਹਾਂ
ਧੀ ਨੂੰ ਤਾੜ ਕੇ ਰੱਖਦੀ ਹਾਂ, ਮਜਾਲ ਨਹੀਂ ਜੇ ਕੁਸਕੇ ਵੀ
ਕ੍ਰੈਕਟਰਲੈੱਸ ਕੁੜੀਆਂ ਨੂੰ ਕੌਣ ਵਿਆਉਂਦਾ ਹੈ ! "
ਹਾ ! ਹਾ ! ਹਾ ! ਬੱਲੇ ਨੀ ਤੁਹਾਡੇ ਬਿੱਲੀਓ ! ਅਸ਼ਕੇ ਜਾਈਏ !

ਮੈਂ ਵੀ ਸੋਚਾਂ : ਚੂਹਿਆਂ ਦੀ ਕਮੀ ਕਿਓਂ ਹੋ ਗਈ ਹੈ ?
ਤੇ ਹੱਜ ਦੇ ਰਸਤੇ ਏਨੀ ਭੀੜ ਕਿ ਮਿੱਟੀ ਵੀ ਨਜ਼ਰ ਨਾ ਆਵੇ ।
ਹਾ ! ਹਾ ! ਹਾ !, ਹਾ ! ਹਾ ! ਹਾ !, ਹਾ ! ਹਾ ! ਹਾ !

5.1.13

ਨੱਢੀ

ਕਬੂਤਰ- ਉੱਡਦੇ ਬੱਦਲਾਂ ਦੇ ਵਸਤਰ ਪਾ ਕੇ
ਕੱਟ ਅਸਮਾਨੀ ਟਾਕੀ ਸਿਰ ਉੱਤੇ ਲੈ ਕੇ
ਤੋੜ ਕੇ ਲੱਪ ਕੁ ਤਾਰੇ ਇਹਦੇ ਉੱਤੇ ਜੜ ਕੇ
ਫਿਰ ਕੱਟ ਕੇ ਚੰਨ ਦਾ ਦਾਇਰਾ ਨੱਕ ਨੱਥਨੀ ਪਾ ਕੇ
ਹੱਥੀਂ ਸੂਹੇ ਗੁਲਾਬ ਦੇ ਗਜਰੇ ਸਜਾ ਕੇ
ਪੈਰੀਂ ਪੰਜੇਬਾਂ ਹੀਰੇ
ਕੰਨੀ ਰੱਤੀਆਂ ਪਾ ਕੇ
ਸੁਰਖੀ ਰਸ ਅਨਾਰ ਦਾ
ਵਾਲੀਂ ਕਲੀਆਂ ਲਾ ਕੇ
ਅੱਖੀਆਂ 'ਚੋਂ ਬਿਜਲੀ ਲਿਸ਼ਕਦੀ
ਸਿਰ ਉੱਚਾ ਚਾ ਕੇ

ਚੱਲ ਪਈ ਨਢੀ ਹੋ ਪ੍ਰਚੰਡ
ਦੇਖਣ ਧਰਤੀ ਤੇ ਬ੍ਰਹਿਮੰਡ ।

6.1.13 7:40 ਸਵੇਰ

ਹੇ ਮਾਂ, ਹੇ ਜਨਨੀ ਮਾਂ

ਹੇ ਮਾਂ, ਹੇ ਜਨਨੀ ਮਾਂ,

ਤੂੰ ਆਬਸ਼ਾਰ 'ਚੋਂ ਜੰਮੀ ਜਦ
ਤਾਂ ਰੁੱਖਾਂ 'ਚੋਂ ਉੱਠਿਆ ਸੀ ਅਨਹਦ ਨਾਦ
ਦੁਆਲੇ ਪਰਬਤ ਬਾਹਾਂ ਪਾਈਆਂ
ਸੂਰਜ ਨੇ ਆਪਣੇ ਸਾਰੇ ਰੰਗ
ਤੇਰੇ ਉੱਤੇ ਵਾਹ ਦਿੱਤੇ ਸਨ
ਕੇਸਰ ਫੁੱਲਾਂ ਤੇ ਜੰਗਲੀ ਵੇਲਾਂ ਤੈਨੂੰ ਹੋਰ ਸਜਾਇਆ
ਇੱਕ ਘੁੱਗੀ ਆ ਹੱਥੇਲੀ 'ਤੇ ਬਹਿ ਗਈ
ਮੋਰਾਂ ਛਹਿਬਰ ਲਾਈ
ਪੌਣਾਂ ਨੇ ਚੌਰ ਝੁਲਾਈ
ਤੇ ਸਾਰਾ ਬ੍ਰਹਿਮੰਡ ਤੈਨੂੰ ਦੇਖਣ ਆਇਆ ।

ਹੇ ਮਾਂ, ਹੇ ਜਨਨੀ ਮਾਂ,
ਜ਼ਿੰਦਗੀ ਦੇ ਸੌ ਫ਼ਿਕਰਾਂ ਵਿਚ ਉਲਝੀ
ਅੱਜ ਮੈਂ ਤੇਰੇ ਕੋਲ ਹਾਂ ਆਈ
ਮਨ ਅੰਤਰ ਵਿਚ ਉੱਤਰ ਕੇ
ਤੇਰੇ ਨਾਅ ਦੀ ਜੋਤ ਜਗਾਈ
ਮੈਨੂੰ ਰੱਖੋ ਆਪਣੀ ਸ਼ਰਨਾਈ
ਹੇ ਮਾਂ, ਮੈਨੂੰ ਰੱਖੋ ਆਪਣੀ ਸ਼ਰਨਾਈ ।

6.1.13 9:15 ਸਵੇਰ

ਫ਼ਨੀਅਰ ਕਾਲੇ

ਓਹ ਤੇਰੀਆਂ ਨਜ਼ਰਾਂ ਵਿਚ ਬੇਗਾਨਾਪਣ
ਓਹ ਤੇਰੀ ਆਵਾਜ਼ ਵਿਚ ਬੇਲਾਗਤਾ
ਇੱਕੋ ਵੇਲੇ ਡੰਗਦੇ ਨੇ ਸੌ ਫ਼ਨੀਅਰ ਕਾਲੇ ।

6.2.13

ਕੁੱਝ ਸਵਾਲ

ਓਹਨੇ ਆਖਿਆ ਸੀ :
ਓਹ ਤੇਰੀ ਮੁਸਕਾਨ
ਤੇ ਤੇਰੇ ਦੋ ਸ਼ਬਦਾਂ ਦੇ ਟੁੱਕੜ ਬਦਲੇ
ਰੱਸੀ 'ਤੇ ਨਹੀਂ ਨੱਚੇਗੀ !

ਫ਼ਿਰ ਕਿਓਂ
ਕਿ ਚੁੱਪ ਤੇ ਇਨਕਾਰ ਦਾ ਜ਼ਹਿਰ ਪੀ ਕੇ ਵੀ
ਓਹ ਅੱਜ ਨੱਚ ਰਹੀ ਹੈ !?

ਜ਼ਿੰਦਗੀ ਕੀ ਏਨੀ ਬੇਅਰਥ ਤੇ ਵਿਅਰਥ ਹੈ ?
ਕਿ ਓਹ ਤੇਰੇ ਹਰ ਰੰਗ
ਹਰ ਡੰਗ ਵਿਚ ਹੀ
ਜੀਣ ਦੇ ਅਰਥ ਲੱਭਦੀ ਹੈ ।

6.2.13 { 6:30 ਸਵੇਰ

ਕਾਹਦੇ ਲਈ ?

ਕਿਓਂ ਚਾਂਭਲ ਚਾਂਭਲ ਵਗਦੀਆਂ ਨੇ
ਇਹ ਮਹਿਕਾਂ ਲੱਦੀਆਂ 'ਵਾਵਾਂ ?

ਕਿਓਂ ਫੁੱਲਾਂ ਨੂੰ ਤਿੱਤਲੀਆਂ ਚੁੰਮਣ
ਕਿਓਂ ਭੌਰਿਆਂ ਦਾ ਆਣਾ ?

ਕਿਓਂ ਫੇਰ ਰੰਗ ਗੁਲਾਲ ਉੱਡੇ
ਕਿਓਂ ਸੱਤਰੰਗਾ ਬਾਣਾ ਪਾਣਾ ?

ਕਿਓਂ ਇਸ ਰੁੱਤੇ ਦੇਵੇ ਕੋਈ
ਦਿਲ ਆਪਣੇ ਦਾ ਸਿਰਨਾਵਾਂ ?

ਜੇ ਇਸ ਰੁੱਤ ਨੇ ਭਲਕੇ ਹੀ
ਪੁੱਠੇ ਪੈਰੀਂ ਮੁੜ ਜਾਣਾ
ਤੇ ਤੁਹਾਨੂੰ ਰੋਂਦਿਆਂ ਨੂੰ ਛੱਡ ਜਾਣਾ ।

6.2.13 { 10:40 ਰਾਤ

ਭਰਮ ਜਾਲ ਵਿਚ

ਹੇ ਰੱਬ, ਆਪਣੀ ਅਸਲੀਅਤ ਨੂੰ
ਅਦਾਵਾਂ ਦੀ ਜ਼ੁਬਾਨ ਨਾ ਦੇ !

ਮੁਹਬੱਤ ਦੇ ਭਰਮ ਜਾਲ ਵਿਚ
ਕਿੰਨੀਆਂ ਖ਼ੁਸ਼ੀਆਂ,
ਤੇ ਕਿੰਨੀਆਂ ਉਮੀਦਾਂ ਅੱਟਕੀਆਂ ਨੇ ।

ਕੀ ਦੱਸਾਂ ਤੈਨੂੰ ਕਿ
ਇਹ ਓਸ ਦੇ ਮੋਤੀ ਵਹਿ ਜਾਣ ਤੋਂ
ਕਿੰਨਾ ਦਿਲ ਕੰਬਦਾ ਏ ।

6.2.13 { 11:35 ਰਾਤ

ਸਤਿ ਸ੍ਰੀ ਅਕਾਲ ਜੀ

ਓ ਅਸੀਂ ਵੱਟ 'ਤੇ ਬਹਿ ਗੰਨੇ ਚੂਪਣ ਵਾਲੇ
ਤੇਰੀਆਂ ਅਦਾਵਾਂ ਦੀ ਅੰਗ੍ਰੇਜੀ ਕੀ ਜਾਣੀਏਂ ।

ਸਮਝੀਏ ਨਾ ਅਸੀਂ ਸੜੀਆਂ- ਸ਼ੈਕਸ਼ਪੀਅਰ,
ਨੜੇ- ਨੀਉਟਨ ਤੇ ਆਈਨ- ਸਟਾਈਨੀ ਗੱਲਾਂ ਨੂੰ
ਤੇ ਉੱਡਦੇ ਭੰਬੂ ਤਾਰਿਆਂ ਨੂੰ ।

ਕੀ ਜਾਣੀਏਂ ਅਸੀਂ ਕੌਣ ਹੈ ਸਿਲਵੀਆ ਪਲੈਥ ਜਾਂ ਪਾਥੀ
ਜਾਂ ਚਾਰਲੀ ਚਪੜਾਸੀ ।

ਪਰ ਸਾਨੂੰ ਆਉਂਦੀ ਹੈ ਆਜੜੀਆਂ ਦੀ ਬੋਲੀ,
ਪਸ਼ੂਆਂ ਦੀ ਬੋਲੀ,
ਕਾਵਾਂ ਦੀ ਬੋਲੀ,
ਚਿੜੀਆਂ ਦੀ ਬੋਲੀ
ਓਏ ਹਾਂ ! ਕੁੱਤਿਆਂ ਦੀ ਵੀ ਬੋਲੀ ।

ਸਮਝਦੇ ਹਾਂ ਅਸੀਂ ਲੱਕੜਹਾਰੇ ਦੀ ਕਰ ਕਰ
ਕਾਟੋ ਦੀ ਟੁੱਕ ਟੁੱਕ
ਬੰਬੀ ਦੀ ਛੁੱਕ ਛੁੱਕ ।

ਬੋਹੜਾਂ 'ਤੇ ਰਹਿੰਦੇ ਭੂਤਾਂ ਦੀਆਂ
ਸਾਨੂੰ ਸਾਰੀਆਂ ਬਾਤਾਂ ਆਉਂਦੀਆਂ ਨੇ
ਤੀਆਂ ਦੀਆਂ ਬੋਲੀਆਂ, ਸਾਡੀ ਸੋਚ 'ਚ ਡੁੱਬਕੀਆਂ ਲਾਉਂਦੀਆਂ ਨੇ ।

ਬਾਲ੍ਹੋ ਦਾ ਚਿੱਠਾ ਤਾਂ ਅਸੀਂ ਪਾਣੀ ਵਾਂਗੂੰ ਰਟਿਆ ਹੈ
ਹੀਰ ਤੇ ਰਾਂਝੇ ਦਾ ਕਿੱਸਾ ਸਾਡੇ ਹੱਡਾਂ ਦੇ ਵਿਚ ਰਚਿਆ ਹੈ

ਤੇ ਅਸੀਂ ਇਹਦੇ ਤੋਂ ਸੰਤੁਸ਼ਟ ਹਾਂ
ਤੇ ਵੱਟ 'ਤੇ ਬਹਿ ਗੰਨਾ ਚੂਪ ਕੇ ਖੁਸ਼ ਹਾਂ ।
ਸੱਤ ਸ੍ਰੀ ਅਕਾਲ ਜੀ ।

6.4.13 { 12:15 ਸਵੇਰ

ਮੈਨੂੰ ਡਰ ਹੈ

'ਵਾ ਕਿੰਜ ਉੱਡਾ ਕੇ ਲੈ ਗਈ ਸੀ
ਮੇਰੀ ਹੱਥੇਲੀ 'ਤੇ ਪਈ
ਇੱਕ ਸਿੰਧੂਰ ਦੀ ਚੁੱਟਕੀ
ਮੈਂ ਨਾ ਰੋਈ ਤੇ ਨਾ ਹੱਸੀ ਸੀ ।

ਪਰ, ਅੱਜ, ਓਹਦਾ ਸੋਚਦੀ
ਚੁੱਪ ਕਿਓਂ ਹਾਂ !

ਰੁੱਖਾਂ 'ਤੇ ਰਾਤ ਨੇ ਕੂਚੀ ਲਾਈ ਹੈ
ਕੁੱਝ ਚਿਰ ਨੂੰ, ਸੜਕ 'ਤੇ ਸੰਨਾਟਾ ਪੱਸਰੇਗਾ
ਲੋਕੀ ਆਪਣੇ ਘਰਾਂ ਵਿਚ ਸੌਂ ਜਾਣਗੇ
ਤੇ ਪੰਛੀ ਆਪਣੇ ਆਲ੍ਹਣਿਆਂ ਵਿਚ ।

ਮੈਨੂੰ ਡਰ ਹੈ ਕਿ ਅੱਜ ਵੀ,
ਰਾਤ ਦੀ ਸ਼ਾਂ ਸ਼ਾਂ ਵਿਚ
ਬਿੰਡਿਆਂ ਦਾ ਕੋਰਸ ਜ਼ਿਆਦਾ ਉੱਚਾ ਨਾ ਹੋ ਜਾਵੇ...

6.4.13 { 10:25 ਰਾਤ

ਭਾਰਤਵੰਸ਼ੀ

ਕੇਲੇ ਦੇ ਪੱਤਿਆਂ ਨੂੰ ਲਿਬਾਸ ਬਣਾ ਕੇ
ਵਾਲਾਂ ਦੇ ਜੂੜੇ ਵਿਚ ਮੋਰ ਪੰਖ ਲਾ ਕੇ
ਸੱਕ ਕਿਸੇ ਰੁੱਖੜੇ ਦਾ ਬੁੱਲ੍ਹਾਂ 'ਤੇ ਘਸਾ ਕੇ
ਦੀਵੇ ਦੇ ਧੂਏਂ ਦੀ ਧਾਰ ਅੱਖੀਂ ਪਾ ਕੇ
ਚੰਦਨ ਦੀ ਲੱਕੜ ਦਾ ਟਿੱਕਾ ਮੱਥੇ ਲਾ ਕੇ
ਤਲੀਏਂ ਤੇ ਹੱਥੇਲੀਏਂ ਕੋਈ ਸ਼ੋਖ ਲੀਕਾਂ ਵਾਹ ਕੇ
ਪੋਸਤ ਜਹੇ ਡੋਡਿਆਂ ਦੀ ਕੰਠੀ ਸਜਾ ਕੇ
ਤੂਤ ਦੀਆਂ ਟਾਹਣੀਆਂ ਦੀਆਂ ਪਜੇਬਾਂ ਪਾ ਕੇ
ਸੂਹੇ ਕੋਈ ਫੁੱਲ-ਕਾਂਟੇ ਕੰਨੀ ਲਟਕਾ ਕੇ
ਨਿੱਕੇ-ਪੱਤ ਵੇਲਾਂ ਨੂੰ ਬਾਹੀਂ ਵਲਾ ਕੇ
ਵਾਲਾਂ ਵਿਚ ਕਾਨ੍ਹਿਆਂ ਦੇ ਬੰਬਲ ਫ਼ਸਾ ਕੇ

ਸਾਂਵਲੀ ਨਮਕੀਨ ਕੋਈ
ਦਰਾਵੜੀ ਸ਼ੁਕੀਨ ਕੋਈ
ਧਰਤੀ ਦੀ ਹੂਰ ਕੋਈ
ਰੱਬ ਦਾ ਨੂਰ ਕੋਈ
ਨੰਦੀ 'ਤੇ ਸਵਾਰ ਹੋ ਕੇ
ਜਾਏਗੀ ਪ੍ਰਨਾਉਣਾ ਕੋਈ
ਆਰੀਆ ਅਲਬੇਲੜਾ,
ਵਣ -ਤ੍ਰਿਣ ਦਾ ਚੇਲੜਾ ।

ਆਰੀਆਂ ਤੇ ਦਰਾਵੜਾਂ ਦੀ ਸਾਂਝੀ ਏਸ ਰੱਤ ਤੋਂ
ਓਹ ਧੀਆਂ-ਪੁੱਤ ਜਾਏਗੀ
ਆਪਣੀ ਨਸਲ ਨੂੰ ਵਧਾਏਗੀ
ਜੀਹਦੇ ਚੇਹਰੇ ਤੇ ਨੁਹਾਰ ਤੋਂ
ਕਦੇ ਬਾਪ ਵੱਧ ਦਿਸੇਗਾ

ਤੇ ਕਦੇ ਓਹ ਦਿਸ ਜਾਏਗੀ ।

ਇੰਜ ਪੂਰਬ ਦੀ ਨੁੱਕਰੋਂ
ਜਿਥੋਂ ਸੂਰਜ ਨਿੱਤ ਜੰਮਦਾ
ਤੇ ਚਾਨਣ ਨਿੱਤ ਉੱਗਦਾ
ਇੱਕ ਅਜਿਹੀ ਕੌਮ ਉਠੇਗੀ
ਜੋ ਅੱਲੋਕਰੀ ਹੋਏਗੀ
ਤੇ ਭਾਰਤਵੰਸ਼ੀ ਸਦਾਏਗੀ ।

6.5.13 { 10:05 ਰਾਤ

ਨਹੀਂ ਭੁੱਲਦੇ

ਲੱਖ ਖੀਏ ਅਸੀਂ ਮੈਕਸੀਕਨ ਟਾਕੋ
ਫ਼ਰੈਂਚ ਬੇਕਰੀ,
ਇਟਾਲੀਅਨ ਪੀਜ਼ਾ,
ਹੈਮਬਰਗਰ,
ਤੇ ਚੀਨੀ ਖਾਣੇ,
ਨਹੀਂ ਭੁੱਲਦੇ ਸਾਨੂੰ ਸਾਥੀਓ
ਤੁੱਕਿਆਂ ਦਾ ਅਚਾਰ,
ਤੇ ਮਖਾਣੇ ।

6.7.13 { 8:30 ਰਾਤ

ਕਿਹੜਾ ਸੀ ਓਹ ਦੇਸ ਨੀ ਜਿੰਦੇ

ਕਿਹੜਾ ਸੀ ਓਹ ਦੇਸ ਨੀ ਜਿੰਦੇ,
ਕਿਹੜਾ ਸੀ ਓਹ ਦੇਸ
ਜਿਥੇ ਰਹਿ ਗਿਆ ਮੇਰਾ ਅੱਡੀ-ਟੱਪਾ
ਤੇ ਸੁਪਨੇ ਕੱਚ ਵਰੇਸ...

ਜਿਥੇ ਬਾਬਾ ਬੋਹੜ ਦੇ ਪੱਤਿਆਂ ਉੱਤੇ
ਲਿਖੇ ਹੋਏ ਅੱਜ ਵੀ ਮਿਲਦੇ ਨੇ
ਕਈ ਪੀੜ੍ਹੀਆਂ ਦੇ ਕਿੱਸੇ ।

ਤੇ ਯਾਦਾਂ 'ਕੱਠੀਆਂ ਕਰਦੇ ਰਹਿੰਦੇ
ਨਮ ਅੱਖਾਂ ਤੇ ਚਿਹਰੇ ਲਿੱਸੇ ।
ਜਿਥੇ ਬੰਬਲ ਵੱਟਣ ਦੇ ਬਹਾਨੇ
ਗੰਗੂ ਤਾਇਆ ਸੱਥ ਜਾ ਬਹਿੰਦਾ
ਚੁੱਕ ਭੂਰਾ ਖੁਰਦੁਰਾ ਖੇਸ...

ਮੂੰਗ-ਸਮੁੰਦਰ ਖੇਤਾਂ ਵਿਚ
ਪਿੱਪਲ ਤੇ ਬੋਹੜ ਦੀਆਂ ਓਟਾਂ ਵਿਚ
ਦੂਰ ਕਿਤੇ ਬੰਬੀ ਦੀ ਧੁੱਕ ਧੁੱਕ
ਖਾਲ 'ਚ ਵਗਦਾ ਚਾਂਦੀ ਪਾਣੀ
ਸੱਪਨੀ ਜਿਓਂ ਵਲ਼ ਖਾਂਦਾ ਨੱਸਦਾ
ਵਿਚ ਕਣਕ, ਸਰੋਆਂ ਖੇਤ...

ਮਹਿੰਦੀ ਦੇ ਬੂਟੇ 'ਤੇ ਬੈਠੀ
ਨਿਕਚੋ ਬੁਲਬੁਲ ਜੋਸ਼ 'ਚ਼ ਗਾਉਂਦੀ
ਮੋਹ ਭਿੱਜੀਆਂ ਕਈ ਧੁਨਾ ਸੁਣਾਉਂਦੀ
ਪੌਣ 'ਚ ਜਾਦੂ-ਟੂਣਾ ਵਾਹੁੰਦੀ

ਰੁੱਤਾਂ ਦਾ ਦੇ ਜਾਂਦੀ ਸੰਦੇਸ...

ਜਿਥੇ ਸੁੱਤਿਆਂ ਮਹਿਕ ਜਾਗਦੀ ਰਹਿੰਦੀ
ਕੀ ਰੁੱਖੀਂ ਲੱਗਿਆ ਸੂਹਾਂ ਲੈਂਦੀ
ਤੇ ਤੜਕੇ ਹੀ ਡੰਡੀਆਂ ਤੇ ਪੈਹੀਂ
ਪੈਰੀਂ ਕੰਡੇ ਤੇ ਲੈ ਅੱਖੀਂ ਸੁਪਨੇ
ਮਿਰਗ ਸਾਥੀਆਂ ਸੰਗ ਭੱਜ ਪੈਂਦੀ
ਲੱਭਣ ਅੰਬ, ਜਾਮਣਾਂ ਤੇ ਪੱਕੇ ਬੇਰ...

ਜਿਥੇ ਛੋਲੀਏ ਤੇ ਕਦੇ ਛੱਲੀਆਂ ਭੁੰਨਦੇ
ਕੁੱਝ ਖਾਂਦੇ ਕੁੱਝ ਜੇਬੀਂ ਤੁੰਨਦੇ
ਸਾਰਾ ਦਿਨ ਦੁੜੰਗੇ ਲਾਉਂਦੇ
ਇੱਕ ਦੂਜੇ ਦੇ ਡਾਹ ਨਾ ਆਉਂਦੇ
ਕਦੇ ਹੱਸਦੇ ਧਰਤੀ 'ਤੇ ਲਿਟ ਜਾਂਦੇ
ਤੇ ਕਰਦੇ ਧੋਤੇ ਲੀੜਿਆਂ ਦੀ ਰੱਜ ਪੱਟੀਮੇਸ...

ਜਿੱਥੇ ਏਨਾ ਨੀਵਾਂ ਚੰਨ ਹੁੰਦਾ ਸੀ
ਕਿ ਹੱਥ ਚੁੱਕਿਆਂ ਹੀ ਫੜ੍ਹ ਹੁੰਦਾ ਸੀ
ਫੇਰ ਓਹ ਪੋਲਾ-ਪੋਲਾ ਸਿਰ ਸਹਿਲਾਉਂਦਾ
ਲੋਰੀ ਦਿੰਦਾ ਕੁੱਝ ਸੁਣਾਉਂਦਾ
ਸੁਲਾ ਦਿੰਦਾ ਸੀ ਗੋਦ 'ਚ ਆਪਣੀ
ਬਦਲ ਕੇ ਮਾਂ ਦਾ ਭੇਸ....

ਜਿੱਥੇ ਗੱਚਕਾਂ ਵਾਲੇ, ਗੱਟਿਆਂ ਵਾਲੇ
ਗੋਲਗੱਪੇ ਤੇ ਚਾਟਾਂ ਵਾਲੇ
ਵੰਗਾਂ ਤੇ ਖਿਡਾਉਣਿਆਂ ਵਾਲੇ
ਭਾਂਡੇ ਤੇ ਕਲੀਆਂ ਵਾਲੇ
ਬਾਂਦਰ ਤੇ ਰਿੱਛਾਂ ਵਾਲੇ
ਸੱਪ ਮਨਕੇ ਤੇ ਸੱਪਾਂ ਵਾਲੇ

ਭੰਡ ਤੇ ਰੱਸੀ 'ਤੇ ਨੱਚਣ ਵਾਲੇ
ਕੱਪੜੇ ਤੇ ਆਲੂ ਗੰਢਿਆਂ ਵਾਲੇ
ਪਿੰਡ ਵਿਚ ਰੌਣਕ ਲਾਈ ਰਖਦੇ
ਬਿਨ ਦੇਖੇ 'ਨੇਰ੍ਹ ਸਵੇਰ ...

ਜਿੱਥੇ ਲੰਘੀ ਹਾੜੀ ਤੇ ਸਾਉਣੀ ਪਿਛੋਂ
ਚੇਤ ਤੇ ਵਿਸਾਖੀ ਪਿਛੋਂ
ਜੰਨ ਘਰ ਦੇ ਸਪੀਕਰ ਤੋਂ
ਸੁਣਦੇ ਸੀ ਹੀਰ ਤੇ ਰਾਂਝਾ, ਮਿਰਜਾ-ਸਾਹਿਬਾਂ,
ਸੱਸੀ-ਪੁਨੂੰ ਤੇ ਸੋਹਣੀ-ਮਹੀਂਵਾਲ ਦੇ ਕਿੱਸੇ ।

ਤੇ ਮੂੰਹ- ਹਨੇਰੇ, ਸੰਝ- ਸਵੇਰੇ ਸੀ
ਪਿੰਡ ਦੀ 'ਵਾ 'ਚ ਅਮ੍ਰਿਤ ਵੰਡਦੇ
ਨਾਨਕ ਦੀ ਲੀਲ੍ਹਾ, ਤੇ ਰਾਵੀ ਦਾ ਬਿਆਨ
ਜੁਝਾਰ ਦੀ ਕਲਗੀ ਸਾਂਭਣ ਦਾ ਬਿਆਨ
ਕੋਈ ਅਨੋਖੇ ਬੰਦੇ ।

ਕਦੇ ਪਿੰਡ ਦੇ ਤਕੀਏ ਤੋਂ ਰਾਤੀਂ
ਕੂਕਾਂ ਤੇ ਛੈਣਿਆਂ ਦੀਆਂ 'ਵਾਜਾਂ ਨਾਲ
ਮਿਲਦੇ ਸੀ ਕੁੱਤਿਆਂ ਦੇ ਰੋਣ
ਤੇ ਝੂਮ ਝੂਮ ਕੇ ਨੱਚਦਾ ਡਿੱਗ ਜਾਂਦਾ
ਸੀ ਕਾਤੂ ਦਰਵੇਸ਼....

ਜਿੱਥੇ ਤੜਕੇ ਤੇ ਆਥਣ
ਧੂੜ ਦੀ ਧੂਫ਼ ’ਚ ਵੱਜਣ ਟੱਲੀਆਂ
ਗਊਆਂ, ਮੱਝਾਂ, ਭੇਡਾਂ ਤੇ ਬੱਕਰੀਆਂ
ਨਿੱਤ ਖੇਤੀਂ ਤੇ ਖੇਤੋਂ ਚੱਲੀਆਂ
ਜਿਓਂ ਅੰਤਰ ਧਿਆਨ ਹੋ ਭਿਖਸ਼ੂਆਂ ਦਾ ਟੋਲਾ
ਤੁਰਦਾ ਵਿਚ ਸਪੇਸ....

ਕਿਹੜਾ ਸੀ ਓਹ ਦੇਸ ਨੀ ਜਿੰਦੇ,
ਕਿਹੜਾ ਸੀ ਓਹ ਦੇਸ
ਜਿੱਥੇ ਰਹਿ ਗਿਆ ਮੇਰਾ ਅੱਡੀ-ਟੱਪਾ
ਤੇ ਸੁਪਨੇ ਕੱਚ ਵਰੇਸ ।

6.10.13

ਤੋਤਿਆਂ ਦੀ ਦੁਕਾਨ ਕਿੱਥੇ ਹੈ ?

ਚਲੋ ਕਰ ਲੈਂਦੇ ਹਾਂ ਆਪਾਂ ਵੀ ਪੂਰੇ
ਮਨ ਆਏ ਸਭ ਚਾਅ-ਮਲਾਰ੍ਹ ।
ਲੈ ਆਵਾਂਗੇ ਗਨਕਾ ਵਾਂਗੂੰ
ਗਾਉਣ ਲਈ ਕੋਈ ਤੋਤਾ:
ਲਟ ਪਟ ਪੈਂਤੀ ਚਤੁਰ ਸੁਜਾਨ
ਸਭ ਕਾ ਦਾਤਾ ਸ੍ਰੀ ਭਗਵਾਨ ।

ਸੌਖਾ ਹੈ ਪਾਉਣਾ ਦਰ ਦਾਤੇ ਦਾ
ਬੱਸ ਕੋਈ ਰਸਤਾ ਦਿਖਨਾ ਚਾਹੀਦਾ ।

ਚਲੋ, ਅੱਜ ਤੋਤਿਆਂ ਦੀ ਦੁਕਾਨ 'ਤੇ ਚੱਲਦੇ ਹਾਂ
ਕੱਲ ਜਿਆਦਾ ਹੀ ਮਸਤੀ ਕਰ ਲਈ ਸੀ...

ਹਾਏ ਰੱਬਾ ! ਤੋਤਿਆਂ ਦੀ ਦੁਕਾਨ ਕਿੱਥੇ ਹੈ ?
ਏਧਰ ਤਾਂ ਦੋਹੀਂ ਪਾਸੀਂ
ਰਹੁ ਰਾਸ ਤੇ ਗੀਤਾ ਪਾਠ ਚੱਲੀ ਜਾਂਦੇ ਨੇ ।

ਜੇ ਤੋਤਾ ਨਾ ਮਿਲਿਆ ਤਾਂ
ਸਾਡੇ ਵਰਗਿਆਂ ਦੀ ਮੁਸ਼ਕਿਲ ਹੋ ਜਾਣੀ ਹੈ ।

ਚਲੋ ਫੇਰ ਇਧਰ ਹੀ ਝਾਤੀ ਲਾ ਆਉਂਦੇ ਹਾਂ
ਅੱਜ ਕੱਲ ਤੋਤੇ ਕਿਹੜਾ ਮਿਲਦੇ ਨੇ ।

ਸ਼ੁਕਰ ਹੈ, ਕੁੱਝ ਤਾਂ ਮਿਲਿਆ
ਦਿਲਾਸਿਆਂ ਨਾਲ ਜੱਗ ਜੀਂਦਾ ਹੈ...

6.12.13 { 12:25 ਦੁਪਹਿਰ

ਮੁਜ਼ਰਿਮਾਂ ਹੱਥੋਂ

ਕਾਲੀਆਂ ਲੀਕਾਂ ਖਿੱਚਦੇ
ਵਾਪਰੇ ਕੁੱਝ ਹਾਦਸੇ
ਕਿ ਸੁੰਨ ਹੋਈਆਂ ਸੋਚਾਂ
ਗੋਲੀ ਚੱਲਣ ਦੀ ਆਵਾਜ਼ ਤੇ ਚੀਕਾਂ
ਹਫੜਾ-ਦਫੜੀ ਤੇ ਚੀਕਾਂ ।

ਚੱਲਦੀ ਗੱਡੀ 'ਚੋਂ ਛਾਲ ਮਾਰ
ਦੌੜਦਾ ਬੱਬੂ ਵਾਹਣਾਂ ਵਿਚ ਡਿੱਗਿਆ
ਤੇ ਅਨਜਾਣ ਤੜਫਦੇ ਜਿਸਮਾਂ ਨਾਲ ਰਲਿਆ ।
ਕਿਸੇ ਫ਼ਿਲਮ ਦਾ ਕੋਈ ਭਿਆਨਕ ਸੀਨ
ਇੱਥੇ ਤੇ ਓੱਥੇ ਖਿੰਡੀਆਂ ਲਾਸ਼ਾਂ, ਵਹਿੰਦਾ ਖ਼ੂਨ ।

ਨਿਰਣੇ ਕਾਲਜੇ ਘਰੋਂ ਤੁਰਿਆ ਬੱਬੂ
ਚਾਹ ਦਾ ਕੱਪ ਵੀ ਨਸੀਬ ਨਾ ਹੋਇਆ, ਆਖ ਰੋਂਦੀ ਮਾਂ
ਪੁੱਤ ਨੂੰ ਜਾਣੋ ਕਿਓਂ ਨਾ ਰੋਕਿਆ ! ਸੋਚ ਰੋਂਦੀ ਮਾਂ ।

ਬਦਕਿਸਮਤ, ਕੁੱਝ ਮਿੱਤਰਾਂ ਨੂੰ ਮਿਲਣ ਘਰੋਂ ਤੁਰਿਆ ਸੀ
ਓਹਨੇ ਭਲਾ ਕਿਹੜਾ ' ਸਿਆੜ ' ਕੱਢਿਆ ਸੀ ! ?
ਓਹ ਤਾਂ ਧਰਮਿੰਦਰ ਦੀਆਂ ਫ਼ਿਲਮਾਂ ਦਾ ਸ਼ੁਕੀਨ ਸੀ
ਤੇ ਓਹਦੇ ਜਹੇ ਵਾਲ ਬਣਾਉਂਦਾ ਸੀ
ਇਹਦੀ ਕੀਮਤ ਇਹ ਹੋਣੀ ਸੀ ! ?
ਰੱਬ ਨੂੰ ਪੁੱਛਦੀ ਹੈ ਮਾਂ ।
ਗੀਤਾ ਤੇ ਗੁਰਬਾਣੀ ਨੂੰ ਵੇਂਹਦੀ ਹੈ
ਪਰ ਛੂਹਣ ਤੋਂ ਹੁਣ ਡਰਦੀ ਹੈ....

ਜਿੱਦਣ ਮੋਟਰ ਸਾਈਕਲ 'ਤੇ ਗਿਆ

ਇੱਕ ਸਹਿਕਰਮੀ ਦੇ ਵਿਆਹ
ਤਾਰੀ ਘਰ ਨਹੀਂ ਮੁੜਿਆ ਸੀ
ਓਦਣ ਤੋਂ ਹੀ ਬਿੰਦਰ ਦਾ ਦਿਲ
ਜਲੰਧਰ ਤੇ ਗੜ੍ਹਸ਼ੰਕਰ ਦੇ ਰਾਹਾਂ 'ਤੇ ਰੋਂਦਾ ਰਹਿੰਦਾ ਸੀ ।

ਕਦ ਬਣਿਆਂ ਓਹ ਅੱਤਵਾਦੀ ਸੀ !
ਸੋਚ ਧਾਹਾਂ ਮਾਰਦੀ ਰੋਂਦੀ ਬਿੰਦਰ ।
ਓਹ ਤਾਂ ਕੰਮ ਤੋਂ ਘਰ ਆ, ਰੋਟੀ ਖਾਂਦਾ
ਓਹਦੇ ਨਾਲ ਛੁੱਟੀਆਂ ਨੂੰ ਮਨਾਲੀ ਜਾਣ ਨੂੰ ਕਹਿੰਦਾ ਸੀ ।

ਓਹਦਾ ਤਾਂ ਹਾਲੇ ਚੂੜੇ ਦਾ ਰੰਗ ਵੀ ਨਹੀਂ ਉੱਤਰਿਆ ਸੀ
ਤੇ ਦੁਪੱਟੇ ਦਾ ਝੁੰਬਰ ਹਾਲੇ ਸੱਜਰਾ ਸੀ ।
ਹੁਣ ਨਿੱਕੀ ਧੀ ਨੂੰ ਵੇਂਹਦੀ,
ਪਤੀ ਦਾ ਚੇਹਰਾ ਲਭਦੀ ਹੈ, ਤੇ ਰੋਂਦੀ ਹੈ :
ਅੱਖਾਂ ਤੇ ਬੁੱਲ੍ਹ ਬਾਪ ਜਹੇ ਨੇ
ਚੌੜਾ ਮੱਥਾ ਤੇ ਸਾਂਵਲ ਰੰਗ ਓਹਦੇ ਨੇ ।

ਪੁਲਿਸ ਹੱਥੋਂ ਮਾਰੇ ਅੱਤਵਾਦੀਆਂ ਵਿਚ ਓਹਦਾ ਵੀ ਨਾਅ ।
ਤਾਰੀ ? ਹਾਂ, ਤਾਰੀ !
ਜਿਹੜਾ ਸ਼ੌਂਕੀਆ ਪੱਗ ਬੰਨ੍ਹਦਾ ਸੀ
ਤੇ ਜੀਹਦਾ ਸਿੱਖੀ ਨਾਲ ਰਿਸ਼ਤਾ
ਦੋ ਗੁਰੂਆਂ ਦੇ ਕੈਲੰਡਰ, ਤੇ ਲੰਗਰ ਖਾਣ ਤੋਂ ਵੱਧ ਕੋਈ ਖ਼ਾਸ ਨਹੀਂ ਸੀ
ਅੱਜ " ਅੱਤਵਾਦੀ ਤੇ ਵੱਖਵਾਦੀ " ਬਣ ਕੇ ਮਰਿਆ ਸੀ...

ਬੱਬੂ ਤੇ ਤਾਰੀ
ਬਿਨ ਸੋਚਿਆਂ 'ਕਠੇ ਸਨ
ਬਿਨ ਜਾਣਿਆਂ ਵਖਰੇ ਹੋਏ
ਆਮ ਜਹੀ ਜ਼ਿੰਦਗੀ ਜੀਂਦੇ
ਮੁਜ਼ਰਿਮਾਂ ਹੱਥੋਂ ਮੋਏ ਸਨ !

ਫ਼ਿਰ ਮੈਂ ਕੀ ਕਰਾਂ

" ਏਨਾ ਲਹੂ ਵਹਿ ਰਿਹਾ ਹੈ ਤੇਰੇ ਖੰਬਾਂ 'ਚੋਂ
ਉੱਡਣ ਦੀ ਕੋਸ਼ਿਸ਼ ਨਾ ਕਰ । "

" ਫ਼ਿਰ ਮੈਂ ਕੀ ਕਰਾਂ ?
ਉੱਡਣ ਤੋਂ ਸਿਵਾ
ਮੈਨੂੰ ਹੋਰ ਕੁੱਝ ਆਉਂਦਾ ਹੀ ਨਹੀਂ ।

ਧਰਤੀ 'ਤੇ ਸਿਰ ਸੁੱਟਣ ਨਾਲੋਂ
ਅੰਬਰ ਵਿਚ ਉੱਡਦੇ ਮਰਨਾ ਚੰਗਾ ਏ । "

6.14.13 { 9:30 ਰਾਤ

ਬਹਾਨਾ

ਦਿਲ ਵਿਚ ਕਿਧਰੇ ਲਹੂ ਦੀ ਕਮੀ ਸੀ
ਸਾਹਾਂ ਵਿਚ ਆਕਸੀਜ਼ਨ ਦੀ ਕਮੀ
ਜ਼ਿਹਨ ਵਿਚ ਵੈਰਾਗੀ ਸੋਚਾਂ ਦਾ ਚਲਨ
ਮੌਸਮ ਵਿਚ ਉਦਾਸੀ ਦਾ ਰੰਗ ।
ਮੇਰੀ ਪੱਤਝੜ ਤਾਂ
ਵੈਸੇ ਹੀ ਆਪਣੀ ਸਿਖ਼ਰ 'ਤੇ ਸੀ
ਤੇਰਾ ਜਾਣਾ ਇੱਕ ਬਹਾਨਾ ਬਣਿਆਂ ।

6.15.13 { 10:00 ਰਾਤ

ਆਪੇ ਫਾਹੇ ਲੈ ਲੈਣੇ

ਕਦੇ ਕਦੇ, ਹੱਥੇਲੀ 'ਤੇ ਪਏ ਫੁੱਲ ਵੀ ਅੰਗਿਆਰ ਲੱਗਦੇ ਨੇ
ਮਹਿਕ ਇੱਕ ਡੱਸਦੀ ਸੱਪਨੀ
ਚਿੜੀਆਂ ਦੇ ਗੀਤ ਪਰੇਸ਼ਾਨੀ ਦੀ ਚਿਰ ਚਿਰ ।

ਪਰ ਇਨ੍ਹਾਂ ਦਾ ਕੀ ਕਸੂਰ
ਮੈਂ ਹੀ ਮਨ ਨੂੰ ਉਲਝਾ ਲੈਂਦੀ ਹਾਂ
ਤੇ ਆਪਣੀਆਂ ਬੇੜੀਆਂ ਵਿਚ ਵੱਟੇ ਪਾ ਲੈਂਦੀ ਹਾਂ ।
ਤਸਵੀਰ ਦਾ ਮਾੜਾ ਪਾਸਾ ਹੀ ਦੇਖਣ ਲੱਗਦੀ ਹਾਂ ।

ਓ, ਕੀ ਹੈ ਇਹ !
ਆਪੇ ਡਰਾਮੇ ਕਰ ਲੈਣੇ
ਆਪੇ ਫ਼ਾਹੇ ਲੈ ਲੈਣੇ
ਫਿਰ ਡਿੱਗਣਾ
ਰੋਣਾ ਤੇ ਮਰਨਾ ।

ਤੇ ਦੋਸ਼ ਦੇਣਾ
ਫੁੱਲਾਂ ਨੂੰ
ਮਹਿਕਾਂ ਨੂੰ
ਤੇ ਚਿੜੀਆਂ ਨੂੰ ।

6.16.13 { 6:10 ਸਵੇਰ

ਮਜ਼ਾਕ

ਅੰਗਿਆਰਾਂ ਦੀ ਬਰਸਾਤ, ਤੇ ਮੈਂ ਤੁਰ ਰਹੀ
ਤੂੰ ਦੋ ਕਦਮ ਦੀ ਛੱਤਰੀ
ਜੋ ਹਵਾ ਨਾਲ ਹੀ ਉੱਡ ਗਈ ।

ਇੰਜ ਵੀ ਹੁੰਦੇ ਨੇ ਕਈ ਮਜ਼ਾਕ
ਅੱਜ ਸੋਚ ਕੇ ਹਾਸਾ ਆ ਗਿਆ ਹੈ ।

6.16.13 { 7:05 ਸਵੇਰ

ਜ਼ਿੰਦਗੀ

ਕੀ ਹੈ ਇਹ ਜ਼ਿੰਦਗੀ
ਹਾਲਾਤ ਦੇ ਸਮੁੰਦਰ ਵਿਚ
ਤੈਰਦੀ ਇੱਕ ਕਿਸ਼ਤੀ,
ਤੂਫ਼ਾਨ ਵਿਚ ਘਿਰ ਜਾਂਦੀ ਹੈ ਕਦੇ
ਆਪਣੀ ਮੌਜ ਵਿਚ ਚੱਲਦੀ ਜਾਂਦੀ ਹੈ ਕਦੇ
ਮਿਲ ਜਾਂਦਾ ਹੈ ਕਿਨਾਰਾ ਵੀ ਕਦੇ
ਮੁੱਕ ਜਾਂਦੀ ਹੈ ਕਿਸੇ ਰਸਤੇ 'ਤੇ ਕਦੇ
-- ਜ਼ਿੰਦਗੀ ।

6.16.13 { 2:30 ਬਾਦ ਦੁਪਿਹਰ

ਰਾਤ ਦੇ ਹਮਸਫ਼ਰ

ਅੱਜ ਰਾਤ ਉਦਾਸ ਹੈ ਮਨ
ਚਲੋ, ਹਨੇਰੇ ਨਾਲ ਗੱਲਾਂ ਕਰਦੇ ਹਾਂ
ਤੇ ਇਹ ਕਰਕੇ ਮਨ ਪਰਚਾਉਂਦੇ ਹਾਂ ।
ਖ਼ੁਸ਼ ਹੋਏਗਾ ਜਾਣ ਕੇ ਓਹ
ਕਿ ਕੋਈ ਓਹਨੂੰ ਵੀ ਬੁਲਾਉਂਦਾ ਹੈ
ਕੋਈ ਓਹਨੂੰ ਵੀ ਪਹਿਚਾਣਦਾ ਹੈ ।

ਰਾਤ ਦੇ ਹਮਸਫ਼ਰ–
ਹਨੇਰਾ ਤੇ ਮੈਂ ।

6.16.13 {10:15 ਰਾਤ

ਇੰਜ ਹੀ, ਮੈਂ ਵੀ ...

ਜਿਵੇਂ ਵੱਸਦੇ ਮੀਂਹ ਵਿਚ ਇੱਕ ਬੱਚੇ ਨੂੰ
ਟੁੱਟਿਆ ਲਾਚਾ ਮਿਲ ਜਾਵੇ
ਤੇ ਓਹ ਓਹਦੇ ਨਾਲ ਹੀ ਵਿਰਚ ਜਾਏ ।

ਪਰ ਫਿਰ ਓਹ ਓਹਦੇ ਹੱਥੋਂ ਡਿੱਗ ਜਾਏ
ਤੇ ਗੁਆਚ ਜਾਏ ।
ਤੇ ਓਹ ਬਚਾ, ਖੇੜ੍ਹਣ ਤੇ ਸਭ ਭੁੱਲ-ਭੁਲਾ ਕੇ
ਉਦਾਸ, ਇੱਕਲਾ, ਹੰਝੂ ਹੰਝੂ
ਲਾਚਾ ਲੱਭਦਾ ਜਾਏ-ਲੱਭਦਾ ਜਾਏ ।

ਇੰਜ ਹੀ , ਅਕਸਰ, ਮੈਂ ਵੀ ਓਹਨੂੰ ਲੱਭਦੀ ਰਹਿੰਦੀ ਹਾਂ
ਜੋ ਇੰਜ ਹੀ ਕਿਤੇ ਮਿਲਿਆ ਸੀ
ਤੇ ਫਿਰ ਗੁਆਚ ਗਿਆ ।

6.19.13 { 7:00 ਸ਼ਾਮ

ਇਹਦੇ ਬਾਵਜੂਦ

ਸਭ ਚਲਾਕੀਆਂ ਦੇ ਬਾਵਜੂਦ
ਸਭ ਸ਼ਿਕਵਿਆਂ ਦੇ ਬਾਵਜੂਦ
ਸਭ ਨਹੋਰਿਆਂ ਦੇ ਬਾਵਜੂਦ
ਸਭ ਰੋਸਿਆਂ ਦੇ ਬਾਵਜੂਦ
ਸਭ ਲੁਕ- ਲੁਕਾ ਦੇ ਬਾਵਜੂਦ
ਸਭ ਸੰਤਾਪ ਦੇ ਬਾਵਜੂਦ
ਪਿਆਰ ਇੱਕ ਐਸਾ ਚਸ਼ਮਾ ਹੈ
ਜਿਹੜਾ ਮੇਰੇ ਅੰਦਰ ਫੁੱਟਦਾ ਰਹਿੰਦਾ ਹੈ
ਤੇ ਦੂਰ ਨਦੀਆਂ ਦੇ ਰੂਪ ਵਿਚ
ਕਲ ਕਲ ਵਹਿੰਦਾ
ਮੈਨੂੰ ਸੁਣਦਾ ਰਹਿੰਦਾ ਹੈ ।

6.20.13 { 8:00 ਸਵੇਰ

ਸੁਪਨਿਆਂ ਵਿਚ

ਸੁਪਨਿਆਂ ਵਿਚ ਇੱਕ ਘਰ ਦਸੇਂਦਾ
ਤੇ ਵਿਹੜਾ ਪਿੱਪਲ ਵਾਲਾ ।
ਜੀਹਦੇ 'ਤੇ ਇੱਕ ਕਾਟੋ ਰਹਿੰਦੀ
ਗੋਲ੍ਹਾਂ ਟੁੱਕ ਟੁੱਕ ਪਾਏ ਖਲਾਰਾ ।

ਕੌਲੇ ਦੀ ਓਟ ਮਾਂ ਰੋਟੀ ਲਾਹੁੰਦੀ
ਵਲ ਵਲ ਉੱਠੇ ਧੂੰਆਂ ਕਾਲਾ ।

ਭਾਪਾ ਸਾਈਕਲ ਦੀ ਚੇਨ ਸੂਤੇ
ਹਫ਼ਿਆ ਬੈਠਾ ਈ ਕੁੱਝ ਬਾਹਲਾ ।

ਨਿੱਕਾ ਜੋਗਾ ਬੰਟੇ ਖੇਡੇ
ਭੁੱਲ-ਭੁਲਾ ਕੇ ਜਿਓਂ ਜੱਗ ਸਾਰਾ ।

ਮੱਝ ਜੁਗਾਲੀ ਕਰਦੀ ਖੁਰਲੀ 'ਤੇ
ਲਾਗੇ ਸੁੱਤਾ ਓਹਦਾ ਕੱਟਾ ਪਿਆਰਾ ।

ਡੱਬੂ ਕਿਤੋਂ ਕੁਟਾਪਾ ਖਾ ਕੇ
ਹੁਣ ਚੱਟੇ ਪੌਂਚਿਆਂ ਤੋਂ ਗਾਰਾ ।

ਚਾਨੋ ਨਾਲ ਮੈਂ ਗੁੱਡੀਆਂ ਖੇਡਾਂ
ਕਾਨ੍ਹੇ ਨੂੰ ਬਣਾ ਕੇ ਲਾੜ੍ਹਾ ।

ਫ਼ੇਰ, ਕੁੱਝ ਗਾਉਂਦੀ ਗਾਉਂਦੀ ਸੌਂ ਜਾਵਾਂ
ਤੇ ਸੁਪਨੇ ਵਿਚ ਦੇਖਾਂ ਇੱਕ ਘਰ
ਤੇ ਵਿਹੜਾ ਪਿੱਪਲ ਵਾਲਾ...

6/ 20/ 13 { 2:30 ਬਾਦ ਦੁਪਿਹਰ

ਅੱਜ ਦੀ ਗੱਲ

ਕੁੱਝ ਖ਼ਿਆਲ ਬੂੰਦਾਂ ਤੋਂ ਇਬਾਰਤ ਬਣੀ
ਪਹਾੜਾਂ ਤੇ ਦਰਿਆਵਾਂ ਦੀ
ਨਦੀਆਂ ਤੇ ਨਾਲਿਆਂ ਦੀ
ਸਮੁੰਦਰ ਤੇ ਧਰਤੀ ਦੀ
ਰੁੱਖ, ਫੁੱਲਾਂ ਤੇ ਵੇਲਾਂ ਦੀ
ਰੁੱਤਾਂ ਦੀ
ਆਕਾਸ਼, ਚੰਨ ਤੇ ਤਾਰਿਆਂ ਦੀ
ਪੰਛੀਆਂ ਤੇ ਜੀ-ਜੰਤੂਆਂ ਦੀ
ਇਨਸਾਨਾਂ ਦੀ
ਤੇਰੀ ਤੇ ਮੇਰੀ
ਜੋ ਕੱਲ ਨੂੰ ਪਾਣੀ ਬੂੰਦਾਂ ਬਣ ਮਿਟ ਜਾਏਗੀ ।

ਪਰ ਕੋਈ ਨਹੀਂ
ਕੱਲ ਦੀ ਚਿੰਤਾ ਕੋਈ ਕਿਓਂ ਕਰੇ !
ਗੱਲ ਤਾਂ ਅੱਜ ਦੀ ਹੈ
ਤੇ ਮੈਂ ਅੱਜ ਦੀ ਗੱਲ ਕਰ ਰਹੀ ਹਾਂ ।

6.21.13 { 4:10 ਸ਼ਾਮ

ਅਰਦਾਸ

ਤੂੰ ਕੀ ਕਰੇਂਗਾ ਅਰਦਾਸ
ਜੋ ਕਰਦੀ ਹੈ ਪਹਾੜੀ ਤੋਂ ਹੇਠਾਂ ਵਹਿੰਦੀ
ਨਿੱਕੀ ਜਈ ਨਦੀ ।

ਕਲ ਕਲ ਦੇ ਸੰਗੀਤ ਵਿਚ
ਮੰਗਦੀ ਹੈ ਓਹ
ਧਰਤੀ ਦਾ ਹਰ ਰੁੱਖ, ਬੂਟਾ ਸਿੰਜਣਾ
ਇਨਸਾਨ, ਪੰਛੀ ਤੇ ਜੀਅ-ਜੰਤੂਆਂ ਨੂੰ ਜ਼ਿੰਦਾ ਰਖਣਾ
ਤੇ ਵਹਿੰਦੀ ਜਾਣਾ ।

ਤੂੰ ਮੰਗਦਾ ਹੈਂ ਰੁਕ ਜਾਣਾ
ਧਨ ਦੌਲਤ ਨਾਲ ਝੋਲੀਆਂ ਭਰਨਾ
ਤਾ ਆਰਾਮ ਨਾਲ ਬਹਿ ਜਾਣਾ ।

ਕਦੇ ਅਪਣੀ ਅਰਦਾਸ 'ਚ
ਨਦੀ ਦੀ ਰੀਸ ਵੀ ਕਰ ਲਿਆ ਕਰ
ਤੇ ਦੂਜਿਆਂ ਬਾਰੇ ਵੀ ਸੋਚ ਲਿਆ ਕਰ ।

6.21.13 { 10:40 ਰਾਤ

ਵਕਤ ਦੀ ਧਾਰਾ ਵਿਚ

ਕਾਹਦੀ ਹੈ ਮਹੱਤਤਾ ਭਲਾ ਏਥੇ ?
ਮੇਰੀ ? ਮੇਰੇ ਖ਼ਿਆਲਾਂ ਦੀ ? ਜਜ਼ਬਾਤ ਦੀ ?
ਵਕਤ ਦੀ ਧਾਰਾ ਵਿਚ
ਹਰ ਚੀਜ਼ ਵਹਿ ਰਹੀ ਹੈ
ਕੁੱਝ ਦੂਰੀ 'ਤੇ ਜਾ, ਯਾਦਾਂ ਵੀ ਮਿਟ ਜਾਂਦੀਆਂ ਨੇ
ਚੰਗਾ ਹੈ, ਰਾਖ ਤੇ ਪਾਣੀ ਨਾਲ
ਧਰਤੀ ਨੂੰ ਪਵਿੱਤਰ ਹੋਣ ਦਿਓ ।
ਅਖ਼ੀਰ 'ਤੇ, ਮੇਰਾ ਤੇ ਹਰ ਸ਼ੈਅ ਦਾ ਸੱਚ
ਸ਼ੂਨਯ ਨਹੀਂ ਤਾਂ ਕੀ ਹੈ !
ਏਸ ਲਈ, ਇਸ ਸਮੇਂ 'ਚ ਜੀ ਲੈਣਾ
ਹੀ ਇੱਕ ਪ੍ਰਾਪਤੀ ਹੈ ।

ਆਹ ! ਨਦੀ ਦੇ ਵਹਾਅ ਸੰਗ ਜੀਣਾ
ਜੀਣਾ ਤੇ ਇਹ ਜਾਨਣਾ
ਹੈ ਪਰਮ ਆਨੰਦ
ਯਕੀਨਨ ਹੈ ਪਰਮ ਆਨੰਦ ।

6. 22. 13 { 9: 05 ਰਾਤ

ਖਿਡੌਣੇ

ਤੇਰਾ ਸੋਚਾਂ ?
ਕੋਈ ਗੀਤ ਸੁਣਾ ?
ਕੁੱਝ ਲਿਖਾਂ ?
ਕੁੱਝ ਪੜ੍ਹਾਂ ?
ਕੀ ਕਰਾਂ ?
ਝੁੰਜਲਾ ਜਾਂਦਾ ਹੈ ਮਨ
ਜਦੋਂ ਕੁੱਝ ਸੁੱਝਦਾ ਹੀ ਨਹੀਂ ਹੈ ।

ਅਖ਼ੀਰ ਤਕ ਇਨਸਾਨ
ਖਿਡੌਣਿਆਂ ਨਾਲ ਖੇਡਣਾ ਚਾਹੁੰਦਾ ਹੈ ।

ਕਿੰਨਾ ਮਾਯੂਸ ਹੋ ਜਾਂਦਾ ਹੈ ਮਨ ਇਨ੍ਹਾਂ ਦੇ ਬਿਨਾਂ
ਪਰ ਇੱਕ ਦਿਨ, ਇਹ ਸਭ ਛੱਡ
ਚੁੱਪ-ਚਾਪ ਤੁਰ ਜਾਂਦਾ ਹੈ ।

6.22.13 { 10:30 ਰਾਤ

ਪ੍ਰਾਰਥਨਾ

ਹੇ ਰੱਬ, ਮੈਨੂੰ ਰਾਤ ਦੀ ਤਨਹਾਈ ਨਾਲੋਂ
ਕਿਰਨਾਂ ਦੀ ਸਵੇਰ ਦੇਹ ।
ਦੇ ਉੜਾ ਉਦਾਸੀਆਂ ਮੇਰੀ ਸੋਚ 'ਚੋਂ
ਤੇ ਥਾਲ ਜਿਓਂ ਸੁੱਚੇ ਮੋਤੀਆਂ ਦੇ
ਹੱਸਣ ਦੀ ਤਾਮੀਰ ਦੇਹ ।
ਪਾ ਲਵਾਂ ਰੰਗਾਂ ਨੂੰ ਗਲ ਝੱਗਾ ਬਣਾ
ਲੈਚੀਆਂ ਦੀ ਮਹਿਕ ਦੀ ਜਾਗੀਰ ਦੇਹ ।
ਨਾ ਰਹੇ ਕੁੱਝ ਯਾਦ ਜੋ ਮਨ ਖੋਰਦਾ
ਨਾ ਤਰੁੱਠੇ ਪਿਆਰ ਉੱਤੇ ਸੋਗਦਾ ।
ਰਸਤਿਆਂ 'ਤੇ ਨੇਰ੍ਹ ਜੇ ਕਰ ਹੋ ਜਾਏ
ਰੋਸ਼ਨੀ ਦਾ ਦੀਪ ਉਦੋਂ ਜਗ ਜਾਏ ।
ਜ਼ਿੰਦਗੀ ਜੋ ਚਾਰ ਦਿਨ ਉਧਾਰ ਹੈ
ਆਸ ਵਿਚ ਇਹ ਕਟ ਜਾਏ
ਕਿਸੇ ਚਾਅ ਵਿਚ ਇਹ ਕਟ ਜਾਏ ।

6.24.13 { 7:50 ਸ਼ਾਮ

ਵਜੇ ਨਿਰੰਤਰ ਅਨਹਦ ਨਾਦ

ਵਜੇ ਨਿਰੰਤਰ ਅਨਹਦ ਨਾਦ
ਵਿਚੇ ਬੋਲੇ ਨਾਨਕ ਦੀ ਬਾਣੀ
ਤੇ ਵੱਜੇ ਮਰਦਾਨੇ ਦੀ ਰਬਾਬ
ਹਿਮ ਗਿਰੀ 'ਤੇ ਜਟਾਂਧਾਰ ਕੋਈ
ਬੈਠ ਕਰੇ ਸਿਧ ਮੰਤਰ ਦਾ ਜਾਪ
ਵੱਜੇ ਨਿਰੰਤਰ ਅਨਹਦ ਨਾਦ -2

ਕਿਸੇ ਗਿਰਜੇ ਦਾ ਗੂੰਜੇ ਗਜਰ ਪੁਰਾਣਾ
ਵਿਚ ਮਸੀਤੇ ਅੱਲਾ-ਹੂ-ਅਕਬਰ
ਕਿਸੇ ਮੰਦਿਰ ਵਿਚ ਹੋਏ ਆਰਤੀ
ਤੇ ਕਿਸੇ ਗੁਰਦੁਆਰੇ ਵਿਚ ਹੋਏ ਅਰਦਾਸ
ਵੱਜੇ ਨਿਰੰਤਰ ਅਨਹਦ ਨਾਦ - 2

ਵਿਚੇ ਖਿੜਦੇ ਫੁੱਲ ਪਏ ਹੱਸਣ
ਮਧੂ ਮੱਖੀਆਂ ਪਰਾਗ ਵੰਡਣ
ਤੇ ਗੁਨਗੁਣਾਉਂਦੇ ਭੌਰੇ ਦੱਸਣ
ਕਿ ਆਈ ਬਹਾਰ, ਲਓ ਬਹਾਰ
ਵੱਜੇ ਨਿਰੰਤਰ ਅਨਹਦ ਨਾਦ - 2

ਵਿਚੇ ਬੱਦਲ ਗੜਕਦੇ ਵੱਸਣ
ਧਰਤੀ ਨੂੰ ਕਣੀਆਂ ਚੁੰਮਣ
ਵਿਚੇ ਪੌਣ ਫ਼ਰਾਟੇ ਮਾਰੇ
ਝੂਮਦੇ ਰੁੱਖ ਹੋਵਣ ਸਰਸ਼ਾਰ
ਵੱਜੇ ਨਿਰੰਤਰ ਅਨਹਦ ਨਾਦ - 2

ਬੂਟੇ 'ਤੇ ਬੈਠੀ ਬੁਲਬੁਲ ਗਾਵੇ

ਛੋਹ ਬੈਠਾ ਕੋਈ ਗੀਤ ਮੁਹਬੱਤ
ਚਿੜੀਆਂ ਦਾ ਤ੍ਰਿੰਜਣ
ਤੇ ਲੱਗੀ ਡੱਡੂਆਂ ਦੀ ਮਜਲਿਸ ਵਿਚ ਢਾਬ
ਵੱਜੇ ਨਿਰੰਤਰ ਅਨਹਦ ਨਾਦ – 2

ਵਿਚੇ ਵੱਜਣ ਲਾਲ ਬੱਤੀ ਦੇ ਘੁੰਗਰੂ
ਕਰ ਰਹੀ ਮਜ਼ਬੂਰੀ ਨਾਚ
ਥਲਾਂ 'ਚ ਮਰਦੀ ਸੱਸੀ ਰੋਵੇ
ਨਾ ਪਹੁੰਚੇ ਪੁਨੂੰ ਤਕ ਓਹਦੀ 'ਵਾਜ
ਵੱਜੇ ਨਿਰੰਤਰ ਅਨਹਦ ਨਾਦ
ਵੱਜੇ ਨਿਰੰਤਰ ਅਨਹਦ ਨਾਦ...

6.24.13 { 12: 30 ਰਾਤ

ਇਸੇ 'ਤੇ ਜ਼ਿੰਦਗੀ ਵਾਰੀ

ਕੀਹਨੇ ਮੰਗੀ ਸੀ ਤੇਰੇ ਤੋਂ
ਪੱਖੀ ਘੁੰਗਰੂਆਂ ਵਾਲੀ
ਜਾਂ ਮੰਗੇ ਸੀ ਕਾਂਟੇ ਤੇ ਚੂੜੇ
ਤੇ ਨੱਥ ਹੀਰਿਆਂ ਵਾਲੀ
ਨਾ ਅਸੀਂ ਮੰਗੇ ਸੁੱਚੇ ਮੋਤੀ
ਨਾ ਚੁੰਨੀ ਤਾਰਿਆਂ ਵਾਲੀ
ਨਾ ਮੰਗਿਆ ਕੋਈ ਪੈਸਾ-ਧੇਲਾ
ਨਾ ਮੰਗੀ ਸਰਦਾਰੀ
ਇੱਕ ਤੇਰੀ ਨਜ਼ਰ ਸਵੱਲੀ 'ਤੇ
ਅਸਾਂ ਤਾਂ ਜ਼ਿੰਦਗੀ ਵਾਰੀ
ਬੱਸ ਏਸੇ 'ਤੇ ਜ਼ਿੰਦਗੀ ਵਾਰੀ ।

6/25 /13 { 11:30 ਰਾਤ

ਓਹ ਮੌਸਮ

ਓਹ ਤੇਰੇ ਹਾਸਿਆਂ ਦਾ ਮੌਸਮ
ਓਹ ਤੇਰੇ ਦਿਲਾਸਿਆਂ ਦਾ ਮੌਸਮ
ਓਹ ਮੂੰਹ ਜੋਰ ਉਮੰਗਾਂ
ਓਹ ਰੰਗਾਂ ਦਾ ਮੌਸਮ
ਓਹ ਖੁਸ਼ਬੂਆਂ ਦੀ ਉੜਨ
ਓਹ ਤਿਤਲੀਆਂ ਤੇ ਭੌਰਿਆਂ ਦਾ ਸੰਗਮ
ਓਹ ਬਹਾਰ ਦਾ ਰੌਅ
ਓਹ ਬਰਸਾਤ 'ਚ ਪੈਂਦੀ ਪੁਹਾਰ ਦਾ ਮੌਸਮ
ਤੇ ਤੇਰਾ ਮਿਲਣ
ਇੱਕ ਫੁੱਲ ਦੇ ਖਿੜਣ
ਤੇ ਝੜਨ ਵਾਂਗ ਲੰਘਿਆ
ਖ਼ੁਸ਼ੀ ਏਨੀ ਛੇਤੀਂ ਖ਼ਤਮ ਕਿਓਂ ਜਾਂਦੀ ਹੈ !

6/25/13 { 10:30 ਰਾਤ

ਮੈਂ ਤੇ ਤੂੰ

ਤੂੰ ਰੁੱਸਿਆਂ ਹੈਂ ਤਾਂ ਰੁੱਸਿਆ ਰਹੁ
ਮੈਂ ਕਿਓਂ ਮਨਾਵਾਂ ਤੈਨੂੰ
ਮੈਂ ਤਾਂ ਪੂਰਬ ਦੀ ਪੌਣ ਹਾਂ
ਤੇ ਮੈਂ ਆਪਣੇ ਰੋਅ ਵਿਚ
ਤੇਰੇ ਨਾਲ ਲਿਪਟਦੀ ਹੀ ਰਹਿਣਾ ਹੈ
ਖੇਡਦੀ ਹੀ ਰਹਿਣਾ ਹੈ...

6/26 /13 { 6:30 ਸਵੇਰ

ਹਾਏ ਵੇ ਰੱਬਾ !

ਸੁਪਨੇ ਵਿਚ,
ਸਾਨੂੰ ਕੋਈ ਮਿਲਣ ਦਾ ਲਾਰਾ ਲਾ ਗਿਆ
ਇੱਕ ਨਵੀਂ ਆਸ ਬੰਨ੍ਹਾ ਗਿਆ
ਕੋਈ ਨਵਾਂ ਰਾਗ ਸੁਣਾ ਗਿਆ
ਤੇ ਸੁੱਤੇ ਨਾਗ ਜਗਾ ਗਿਆ
ਹਾਏ ਵੇ ਰੱਬਾ !
ਅੱਜ ਬਿਜਲੀਆਂ ਨਾ ਗਿਰਾ ਵੇ
ਸਾਨੂੰ ਇੰਜ ਤਾਂ ਨਾ ਡਰਾ ਵੇ ।

ਇਹ ਝੱਖੜ ਏਨਾ ਝੁੱਲਦਾ
ਇਹ ਬੱਦਲ ਏਨਾ ਗੱਜਦਾ
ਇਹ ਮੀਂਹ ਮੋਹਲੇ ਧਾਰ ਵੱਸਦਾ
ਕੁੱਝ ਤਾਂ ਮਿਹਰ ਦਿਖਾ ਵੇ
ਇਹਨੂੰ ਕੁੱਝ ਤਾਂ ਠੱਲ ਪਾ ਵੇ
ਹਾਏ ਵੇ ਰੱਬਾ !

ਅੱਜ ਰੁੱਖ ਤੇ ਚਿੜੀਆਂ ਦੀ ਖੈਰ ਨਾ
ਵੇ ਕਰ ਤੂੰ ਏਡਾ ਵੈਰ ਨਾ
ਰਾਹ ਸਰਵਰ ਸਰਵਰ ਹੋ ਗਏ
ਵੇ ਪਾਣੀ ਦੇ ਵਿਚ ਖੋ ਗਏ
ਆਸਾਂ ਦੇ ਦੀਵੇ ਬੁਝ ਗਏ
ਚਾਅ ਕੱਖਾਂ ਵਾਂਗੂੰ ਰੁੜ੍ਹ ਗਏ
ਏਨਾ ਕਹਿਰ ਤਾਂ ਨਾ ਕਮਾ ਵੇ
ਹਾਏ ਵੇ ਰੱਬਾ !

ਦੇਖਣ ਦੇ ਕਿਰਨ ਕੋਈ ਧੁੱਪੜੀ

ਅੰਬਰ ਦੀ ਨੀਲੀ ਟੁੱਕੜੀ
ਕੋਈ ਪੰਛੀ ਉੱਡਦਾ ਆਸ ਦਾ
ਵੇ ਮੇਰੀ ਰੀਝ ਤੇ ਮੇਰੀ ਪਿਆਸ ਦਾ
ਪੈਰਾਂ ਦੀ ਆਹਟ ਸੁਣਨ ਦੇ
ਦੋ ਚਾਵਾਂ ਦੇ ਕੁੰਡੇ ਬੁਨਣ ਦੇ
ਜ਼ਿੰਦਗੀ ਦੇ ਅਰਥ ਕੁੱਝ ਰਹਿਣ ਦੇ
ਮੁਸਕਾਨ ਨੂੰ ਵੀ ਕੁੱਝ ਕਹਿਣ ਦੇ
ਰਤਾ ਕੁ ਰਹਿਮ ਦਿਖਾ ਵੇ
ਹਾਏ ਵੇ ਰੱਬਾ !
ਅੱਜ ਬਿਜਲੀਆਂ ਨਾ ਗਿਰਾ ਵੇ
ਸਾਨੂੰ ਇੰਜ ਤਾਂ ਨਾ ਡਰਾ ਵੇ ।

6/26/13 { 12:35 ਰਾਤ

ਸਾਡਾ ਕੀ ਹੈ !

ਓ ਸਾਨੂੰ ਤੇਰੇ ਵਰਗੀਆਂ ਡੂੰਘੀਆਂ ਗੱਲਾਂ ਨਹੀਂ ਆਉਂਦੀਆਂ ।

ਨਾ ਪੜ੍ਹਿਆ ਅਸਾਂ ਦਰਸ਼ਨ ਸ਼ਾਸਤਰ
ਨਾ ਇਤਿਹਾਸ ਤੇ ਨਾ ਮਿਥਿਹਾਸ ।
ਕੀ ਜਾਣੀਏਂ ਅਸੀਂ ਸਾਇੰਸ ਕੀ ਹੈ
ਕੀ ਹੈ ਫ਼ਿਜ਼ਿਕਸ ਤੇ ਮੈਟਾਫ਼ਿਜ਼ਿਕਸ ।
ਕੀ ਗ੍ਰਹਿ ਤੇ ਉੱਪਗ੍ਰਹਿ
ਕੀ ਨੇ ਧਰਤੀ, ਸੂਰਜ, ਚੰਨ ਤੇ ਤਾਰਿਆਂ ਦੇ ਚੱਕਰ ।
ਫ਼ਰਕ ਪਤਾ ਨਾ ਆਯੁਰਵੇਦ, ਹੋਮੀਓਪੈਥੀ ਤੇ ਆਲੋਪੈਥੀ ਦਾ
ਚਿਕਨ ਤੇ ਆਲੂ-ਮੇਥੀ ਦਾ ।

ਅਸੀਂ ਤਾਂ ਭਾਈ, ਲੱਲਾ-ਭੱਬਾ ਹੀ ਜਾਂਣਦੇ ਹਾਂ
ਤਾਹੀਓਂ ਤਾਂ ਘਾਹ ਖੋਤਵੀਆਂ ਗੱਲਾਂ ਕਰਦੇ ਹਾਂ ।
ਪਿੰਡ ਦੇ ਪਿੱਪਲਾਂ ਦੀਆਂ ਗੱਲਾਂ
ਢਾਬ 'ਤੇ ਲੱਗਦੀ ਡੱਡੂਆਂ ਦੀ ਮਜਲਿਸ ਦੀਆਂ ਗੱਲਾਂ
ਛੱਪੜ 'ਚ ਨਹਾਉਂਦੀਆਂ ਮੱਝਾਂ ਦੀ ਮੌਜ
ਭੇਡਾਂ ਤੇ ਬੱਕਰੀਆਂ ਹੱਕਦੇ ਆਜੜੀਆਂ ਦੀਆਂ ਗੱਲਾਂ
ਮਿਰਜੇ ਦੇ ਤੀਰ ਤੇ ਰਾਂਝੇ ਦੇ ਧੂਣੇ ਦੀਆਂ ਗੱਲਾਂ
ਸੱਸੀ, ਸਾਹਿਬਾਂ, ਹੀਰ ਤੇ ਸੋਹਣੀ ਦੇ
ਹੁਣ ਸਾਡੇ ਨਾ' ਵਟਾਈ ਰੂਹ ਦੀਆਂ ਗੱਲਾਂ
ਤੇ ਅਸੀਂ ਏਦਾਂ ਦੇ ਹੀ ਰਹਿਣਾ ਹੈ !

ਅਸੀਂ ਕਿਹੜਾ ਕੋਈ ਸੁੰਡੀ ਹਾਂ
ਜਿਸ ਮੈਟਾਮੋਰਫ਼ੋਸਿਸ ਦੇ ਕ੍ਰਿਸ਼ਮੇਂ ਨਾਲ ਕੱਲ ਤਿੱਤਲੀ ਬਣ ਕੇ ਉੱਡਣਾ ਹੈ
ਤੇ ਫੁੱਲਾਂ ਵਰਗੀ ਲੱਗਣਾ ਹੈ ।

ਏਸ ਲਈ, ਤੂੰ ਸਾਨੂੰ ਸਾਡੀ ਔਕਾਤ ਵਿਚ ਹੀ ਰਹਿਣ ਦੇ
ਤੇ ਮਨ ਆਈਆਂ ਗੱਲਾਂ ਕਹਿਣ ਦੇ ।
ਤੂੰ ਆਪਣੀਆਂ ਅਸਮਾਨ ਛੂੰਹਦੀਆਂ ਤੇ ਸਾਗਰ ਡੂੰਘੀਆਂ ਗੱਲਾਂ ਦੱਸ
ਸਮਝੀਏ ਨਾ ਬੇਸ਼ੱਕ, ਪਰ ਅਸੀਂ ਕੰਨ ਲਗਾ ਕੇ ਸੁਣਦੇ ਹਾਂ
ਤੇ ਇਨ੍ਹਾਂ ਬਾਰੇ ਸੋਚਦੇ ਹਾਂ...

ਸ਼ਾਇਦ, ਇੱਕ ਦਿਨ, ਸਾਨੂੰ ਵੀ ਸੋਝੀ ਆ ਜਾਵੇ ਕਿ
ਆਈਨ ਸਟਾਈਨ ਦੀ ਰੈਲੇਟਿਵ ਥੀਉਰੀ ਕੀ ਬਲਾ ਹੈ ?
ਕਾਸਮੋਸ ਕੀਹਨੂੰ ਕਹਿੰਦੇ ਹਨ ?
ਸਟਰਿੰਗ ਤੇ ਐਕਸਪੈਨਸ਼ਨ ਥੀਉਰੀ ਦਾ ਜਲਵਾ ਕੀ ?
ਤੇ ਕੁਆਂਟਮ ਦਾ ਕ੍ਰਿਸ਼ਮਾ ਕੀ ?
ਬਾਬੇ ਦੀ ' ਆਰਤੀ ' ਦੀਆਂ ਸਿਮਲੀਆਂ ਕੀ ?
ਖ਼ੂਬਸੂਰਤੀ ਕੀ ?
ਤੇ ' ਅਹਮ ਬ੍ਰਹਮਾਂ ' ਦੇ ਅਰਥ ਕੀ ?

ਸ਼ਾਇਦ, ਇੱਕ ਦਿਨ, ਇਹ ਹੋ ਜਾਵੇ ?

ਫ਼ਿਲਹਾਲ, ਤੂੰ ਅਸਮਾਨੀ ਉੱਡ
ਅਸੀਂ ਜ਼ਮੀਨ 'ਤੇ ਤੁਰਦੇ ਹਾਂ
ਤੂੰ ਸਮੁੰਦਰ ਵਿਚ ਗੋਤੇ ਲਾ
ਅਸੀਂ ਪਤੰਗ ਚੜ੍ਹਾ ਕੇ ਆਉਂਦੇ ਹਾਂ
ਜਾਂ ਕੋਈ ਚੰਦ ਚੜ੍ਹਾ ਕੇ ਆਉਂਦੇ ਹਾਂ
ਤੇ ਫ਼ੇਰ ਮੰਜੇ 'ਤੇ ਬਹਿ,
ਤੇਰੇ ਨਾਲ ਦੋ, ਚਾਰ ਵੀ ਹੋ ਲੈਂਦੇ ਹਾਂ ।

6/26/13 { 11:30 ਸਵੇਰ

ਪੁੱਛੋ ਨਾ

ਕਿੰਜ ਅਸਮਾਨੀ ਉੱਡਦੇ
ਫ਼ਿਰ ਮੂਧੇ ਮੂੰਹ ਨੇ ਡਿੱਗਦੇ ਜਜ਼ਬਾਤ ਦੇ ਗੁੱਡੇ
ਪੁੱਛੋ ਨਾ ।
ਕੱਖਾਂ ਵਰਗਾ ਲੱਗਦਾ ਜੋ ਇੱਕ ਦਿਨ
ਫ਼ਿਰ ਕੋਹੇਨੂਰ ਕਿਓਂ ਲੱਗਦਾ ਹੈ
ਪੁੱਛੋ ਨਾ ।
ਡੋਬਣਹਾਰ ਜਹਾਜ ਜੋ ਹੁੰਦੈ
ਫ਼ਿਰ ਸਾਹਿਲ ਕਿੰਜ ਬਣ ਜਾਂਦਾ ਹੈ
ਪੁੱਛੋ ਨਾ ।
ਰੁਆਏ ਤੇ ਸਤਾਏ ਜੋ
ਫ਼ਿਰ ਓਹੀ ਕਿੰਜ ਹਸਾਉਂਦਾ ਹੈ
ਪੁੱਛੋ ਨਾ ।
ਸਭ ਆਸ ਦੇ ਦੀਵੇ ਖੋਹ ਲੈਦੈ
ਫ਼ਿਰ ਓਹੀ ਚੰਨ ਚੜ੍ਹਾਏ ਕਿਓਂ
ਪੁੱਛੋ ਨਾ ।
ਕਿੰਜ ਕੋਈ ਖੋਲ੍ਹੇ ਇਸ਼ਕ ਦੇ ਪੇਚੇ
ਤੇ ਇਹਦੇ 'ਤੇ ਸਿਰ ਖਪਾਏ ਕਿਓਂ
ਪੁੱਛੋ ਨਾ ।
ਪੁੱਛੋ ਨਾ ਪਰ ਸਮਝ ਲਵੋ
ਕਿ ਏਦਾਂ ਹੀ ਕੁੱਝ ਹੁੰਦਾ ਹੈ
ਏਦਾਂ ਹੀ ਕੁੱਝ ਹੁੰਦਾ ਹੈ ।

6/26/ 13 { 9:50 ਰਾਤ

ਸੌਂ ਰਹੇ ਹਨ ਬੱਚੇ

ਨਾਲੇ ਵਿਚ
ਕੋਹਰਾ ਡਿੱਗਦੇ ਪਾਲੇ ਵਿਚ
ਸੌਂ ਰਹੇ ਹਨ ਬੱਚੇ ।
ਜਾਗਦੀ ਮਾਂ, ਦੇਖ ਰਹੀ ਹੈ
ਤੇ ਸੋਚ ਰਹੀ ਹੈ :
ਅੱਜ ਉਨ੍ਹਾਂ ਦੀ ਰੋਟੀ
ਲੂਣ ਤੇ ਮਿਰਚਾਂ ਦਾ ਤੱਤਾ ਪਾਣੀ ਸੀ ।
ਨਿੱਕਾ ਕਛੂਆ ਰੋਇਆ ਸੀ
ਕੰਮੋਂ ਪਾਣੀ ਪੀ, ਸਬਰ ਕਮਾ ਕੇ ਸੌਂ ਗਈ ਸੀ ।

ਸੌਂ ਰਹੇ ਹਨ ਬੱਚੇ
ਜਾਗਦੀ ਮਾਂ, ਦੇਖ ਰਹੀ ਹੈ
ਤੇ ਸੋਚ ਰਹੀ ਹੈ :
ਧੀ ਨੂੰ ਵੇਚੇ ?
ਪੁੱਤ ਨੂੰ ਵੇਚੇ ?
ਜਾਂ, ਖ਼ੁਦ ਨੂੰ ਵੇਚੇ ?
ਘਬਰਾ ਕੇ ਓਹ ਦੂਜੇ ਪਾਸੇ ਦੇਖਦੀ ਹੈ
ਤੇ ਸੋਚਦੀ ਹੈ...

ਦੂਰ ਤਕ, ਇੱਕ ਸਾਂਵਲਾ ਹਨੇਰਾ ਹੈ
ਡਿੱਗਦਾ ਕੋਹਰਾ
ਤੇ ਧੁੰਦਲਾਏ ਚੇਹਰੇ ।
ਸ਼ਾਇਦ ਸਵੇਰ ਹੋਣ ਤੱਕ
ਠੰਡ ਮਿਹਰਬਾਂ ਹੋ ਜਾਵੇ
ਕੋਈ ਅਣਹੋਣੀ ਹੋ ਜਾਵੇ ।
ਕਛੂਆ ਤੇ ਕੰਮੋ ਜਾਗਣ ਨਾ

ਬੱਸ ਹੁਣ ਹੋਰ ਇਮਤਿਹਾਨ ਦੇਵਣ ਨਾ ।
ਜੀਣਾ ਕੇਹਾ ਸੰਤਾਪ ਹੈ
ਮੌਤ ਕਿੰਨੀ ਸ਼ਾਂਤ ਹੈ...
ਨਾਲੇ ਵਿਚ
ਕੋਹਰਾ ਡਿੱਗਦੇ ਪਾਲੇ ਵਿਚ
ਸੌਂ ਰਹੇ ਹਨ ਬੱਚੇ
ਜਾਗਦੀ ਮਾਂ, ਦੇਖ ਰਹੀ ਹੈ
ਤੇ ਸੋਚ ਰਹੀ ਹੈ....

6/26/13 { 11: ਰਾਤ

ਖ਼ਰਾਬ ਕੁੜੀ

ਓਹ ਕੁੜੀ ਬੜੀ ਖ਼ਰਾਬ ਸੀ
ਤੜਕਸਾਰ, ਨ੍ਹਾ-ਧੋ ਕੇ, ਲੋਕੀ ਰੱਬ ਦਾ ਨਾਂਅ ਧਿਆਉਂਦੇ
ਓਹ ਉੱਠਣਸਾਰ,
ਸ਼ੀਸ਼ਾ ਵੇਂਹਦੀ ।
ਨ੍ਹਾ ਕੇ, ਕੱਪੜੇ ਪਾ ਕੇ,
ਫ਼ਿਰ ਸ਼ੀਸ਼ਾ ਵੇਂਹਦੀ ।
ਫ਼ਿਰ ਸਿਰ ਵਾਹੁੰਦੀ, ਕੱਜਲ ਤੇ ਕਰੀਮ ਲਾਉਂਦੀ,
ਲਾਲ ਸਿਆਹੀ ਵਿਚ ਉਂਗਲ ਲਾ
ਮਾੜੀ ਜਹੀ ਇਹ ਬੁੱਲ੍ਹਾਂ ਤੇ ਗੱਲ੍ਹਾਂ 'ਤੇ ਘਸਾਉਂਦੀ
ਫ਼ਿਰ ਸ਼ੀਸ਼ਾ ਵੇਂਹਦੀ ।
ਝਨਾਂ 'ਚ ਡੁੱਬਦੀ ਸੋਹਣੀ ਵਰਗੀ ਉਸ ਲੱਗਣਾ ਸੀ :
ਗੋਰਾ ਰੰਗ, ਲੰਮ-ਸਲੰਮੀ, ਲੰਮੀਂ ਧੌਣ ਤੇ ਪਤਲਾ ਲੱਕ
ਵੱਡੀਆਂ ਅੱਖਾਂ ਤੇ ਤਿੱਖਾਂ ਨੱਕ
ਪਰ ਓਹ ਤਾਂ ਓਹਦੇ ਨੇੜੇ ਵੀ ਨਹੀਂ ਲੱਗਦੀ ਸੀ...
ਕੁੱਝ ਨਿਰਾਸ਼, ਪਰ ਹੌਂਸਲੇ ਲਈ,
ਫ਼ਿਰ ਸ਼ੀਸ਼ਾ ਵੇਂਹਦੀ ।

ਦੁਪਿਹਰ ਤਕ, ਫੜ੍ਹ ਹੋ ਜਾਂਦੀ ਸੀ
ਓਹਦੀ ਸ਼ੀਸ਼ਾ ਦੇਖਣ ਦੀ ਚੋਰੀ-ਯਾਰੀ
ਤੇ ਹੁੰਦੀ ਫ਼ਿਰ ਫ਼ਿਟਕਾਰਾਂ ਦੀ ਬਾਰਿਸ਼ ਭਾਰੀ :
...' ਆਹ ਚੰਗੀਆਂ ਕੁੜੀਆਂ ਦੇ ਲੱਛਣ ਨਹੀਂ ਹੁੰਦੇ ।'
...' ਸ਼ੀਸ਼ਾ ਦੇਖਣ ਤੋਂ ਸਿਵਾ ਤੈਨੂੰ ਹੋਰ ਕੋਈ ਕੰਮ ਨਹੀਂ ? '
...' ਕੱਲ ਵਾਲੀ ਹੀ ਸ਼ਕਲ ਹੈ, ਬਦਲੀ ਤਾਂ ਨਹੀਂ । '
...' ਕੀਹਨੂੰ ਦਿਖੌਨੀਆਂ ਬਣ ਬਣ ਕੇ ਤੂੰ ? '
...' ਤੂੰ ਤਾਂ ਕਿਸੇ ਜਨਮ ਦੀ ਕੰਜਰੀ ਹੈਂ ! '
...' ਹੁਣ ਰੱਖ ਦੇ ਸ਼ੀਸ਼ਾ, ਬਥੇਰਿਆਂ ਨੂੰ ਚੰਗੀ ਲੱਗ ਗਈ ਹੈਂ ! '

ਸ਼ਬਦਾਂ ਦੇ ਬਾਣ ਤੇ ਅਪਮਾਨ ਸਹਿੰਦੀ
ਭੱਜ ਕੇ ਓਹ ਕਮਰੇ ਵਿਚ ਜਾਂਦੀ
ਤੇ ਹੰਝੂਆਂ ਵਿਚ ਡੁੱਬ ਡੁੱਬ ਕੇ ਰੋਂਦੀ ।

ਲਹਿ ਜਾਂਦੇ ਸੀ ਸਭ ਕੱਜਲ ਤੇ ਕਰੀਮਾਂ
ਸੁਰਖੀ, ਲਾਲੀ ਤੇ ਰੀਝਾਂ ।
ਤੇ ਮੂਧੇ ਮੂੰਹ ਜ਼ਮੀਨ 'ਤੇ ਡਿੱਗੀ
ਘੰਟਿਆਂ ਬੱਧੀ ਸੀ ਰੋਂਦੀ ਰਹਿੰਦੀ
ਖ਼ਰਾਬ ਕੁੜੀ ।

6/27/13 { 7:00 ਸ਼ਾਮ

ਮੈਨੂੰ ਪਤਾ ਹੈ

ਮੈਨੂੰ ਪਤਾ ਹੈ
ਤੂੰ ਕੋਈ ਖਾਸ ਨਹੀਂ
ਤੈਥੋਂ ਕਿਤੇ ਵਧੀਆ ਤਾਂ ਰੋਬਾਟਸ ਨੇ
ਤੇ ਘੁੱਗੀਆਂ, ਤੋਤੇ ।
ਪਰ ਹਵਾ 'ਚ ਉੱਡਦੇ ਰੰਗਾਂ ਵਿਚ
ਤੇ ਮੇਰੀਆਂ ਸਭ ਉਮੰਗਾਂ ਵਿਚ
ਤੇਰਾ ਅਕਸ ਆ ਜਾਂਦਾ ਹੈ ।
ਝਟਕ ਝਟਕ ਕੇ ਕਿੰਨੀ ਵਾਰ ਇਹ ਸੁੱਟਿਆ ਮੈਂ
ਪਰ ਫ਼ਿਰ ਚੜ੍ਹਦੇ ਸੂਰਜ ਵਾਂਗ ਇਹ ਆ ਜਾਂਦਾ ਹੈ
ਤੇ ਮੇਰੀਆਂ ਸੋਚਾਂ ਵਿਚ ਛਾਅ ਜਾਂਦਾ ਹੈ ।
ਤਰਕ ਦਲੀਲਾਂ ਦਿੰਦਾ ਮਨ
ਪਰ ਬਾਲ ਇੱਛਾ ਦੀ ਆਪਣੀ ਮਰਜ਼ੀ
ਤੇ ਆਪਣੀ ਜ਼ਿੱਦ ।
ਮੈਨੂੰ ਪਤਾ ਹੈ ਤੂੰ ਕੋਈ ਖਾਸ ਨਹੀਂ
ਪਰ ਇਹਦਾ ਕੋਈ ਮਤਲਬ ਹੀ ਨਹੀਂ
ਹਾਂ, ਇਹਦਾ ਕੋਈ ਮਤਲਬ ਹੀ ਨਹੀਂ ।

6/27/13 { 9:50 ਰਾਤ

ਨਲੂਏ ਦੀ ਧੀ

ਓਹਦਾ ਮੱਥਾ ਨੂਰ ਹੈ ਨਾਗਮਣੀ
ਕੇਸ ਬੱਦਲ ਤੇ ਚਾਂਦੀ ਦਾ ਸ਼ੁਮਾਰ
ਓਹਦੀਆਂ ਅੱਖਾਂ ਜੋਤ ਗੁਫ਼ਾਵਾਂ ਦੀ
ਓਹਦੇ ਹਾਸੇ ਨੇ ਜਿਓਂ ਆਬਸ਼ਾਰ
ਓਹਦੇ ਪੈਰੀਂ ਕਣਕਾਂ-ਵੱਟ ਸੰਗਲੀ
ਓਹ ਸਗਲ ਸਬੂਤ ਹਿਮ ਜਹੀ
ਪੱਬ ਰੱਖੇ, ਮਿੱਟੀ ਮੌਲਦੀ
ਓਹਦੀ ਚਾਲ ਮਸਤ ਪੰਜ ਆਬ ਦੀ
ਸੋਚੇ ਤਾਂ ਹੁੰਦੀ ਸੰਸਾਰ ਨਿਰੀ
ਨੱਸੇ ਤਾਂ ਬਣੇ ਤੂਫ਼ਾਨ ਕੋਈ
ਕਿਸੇ ਨਲੂਏ ਦੀ ਹੈ ਓਹ ਪੁੱਤਰੀ
ਤੇ ਐਵਰੈਸਟ ਦੀ ਸੁਰਤ ਕੋਈ
ਹੈ ਇਨਸਾਫ਼ ਦੀ ਜੰਗ ਓਹ
ਤੇ ਸਾਂਝਾਂ ਦਾ ਰੰਗ ਓਹ
ਓਹ ਪੜ੍ਹ ਕੇ ਅੱਖਰ ਪੈਂਤੀ ਦੇ
ਧਰਤੀ ਦੇ ਉੱਤੇ ਲਿਖਦੀ ਹੈ
ਤੇ ਚੰਨ, ਸੂਰਜ ਬਣ ਕੇ ਦਿਸਦੀ ਹੈ
ਚੰਨ, ਸੂਰਜ ਬਣ ਕੇ ਦਿਸਦੀ ਹੈ ।

6/29/13 { 8:45 ਸਵੇਰ

ਫ਼ਿਰ ਸੋਚਿਆ

ਛਲਕ ਆਏ ਅੱਜ ਸੋਚ ਕੇ ਅੱਖਾਂ 'ਚੋਂ ਹੰਝੂ
ਕਿ ਮੈਂ ਤੈਨੂੰ ਦੇਖ ਨਹੀਂ ਹਾਂ ਸਕਦੀ !
ਛੂਹ ਨਹੀਂ ਹਾਂ ਸਕਦੀ !
ਬੁਲਾ ਨਹੀਂ ਹਾਂ ਸਕਦੀ !
ਖ਼ੂਬ ਰੋਈ, ਫ਼ਿਰ ਸੋਚਿਆ :
ਸਵਾਸ ਦਿੰਦੀ ਹੈ ਹਵਾ
ਪਰ ਦੀਂਹਦੀ ਨਹੀਂ
ਮਹਿਸੂਸ ਹੁੰਦੀ ਹੈ
ਫੜ੍ਹ ਹੁੰਦੀ ਨਹੀਂ ।

ਸ਼ਾਂਤ ਦਰਿਆ ਦੀਆਂ ਲਹਿਰਾਂ ਵਿਚ
ਅਚਾਨਕ, ਇੱਕ ਉੱਠਿਆ ਅੱਖੜ ਤੂਫ਼ਾਨ ਸੀ
ਤੇ ਮੈਂ ਇਹਦੀ ਲਪੇਟ ਵਿਚ, ਬੇਬਸ ਤੇ ਹੈਰਾਨ ਸੀ ।

ਫ਼ਿਰ ਹਵਾ ਨੇ ਸਹਿਜ ਹੋ, ਡੋਲਦੇ ਬਾਦਬਾਂ ਨੂੰ ਸਾਂਭਿਆ
ਲਹਿਰਾਂ ਦੇ ਸ਼ੁਦਾਅ ਨੂੰ, ਟੁੱਟਦੇ ਕੰਢਿਆਂ ਤੋਂ ਮੋੜਿਆ ।
ਜੀਵਨ ਦਿੰਦੀ ਹੈ ਹਵਾ
ਕੀ ਹੋਇਆ ਜੇ ਦੀਂਹਦੀ ਨਹੀਂ ।
ਮਹਿਸੂਸ ਹੁੰਦੀ ਹੈ
ਕੀ ਹੋਇਆ ਜੇ ਛੂਹ ਹੁੰਦੀ ਨਹੀਂ ।

ਤੇ ਬੰਸੁਰੀ ਦੀ ਧੁਨ ਵਿਚ
ਪੱਤਿਆਂ ਦੀ ਛਣਕਾਰ ਵਿਚ
ਤੇ ਮੇਰੀ ਹੀ ਆਵਾਜ਼ ਵਿਚ
ਅਰੇ ਵਾਹ ! ਸੁਣਦੀ ਵੀ ਹੈ...

6/29/13 { 3:00 ਬਾਦ ਦੁਪਿਹਰ

ਹੇ ਰੱਬ

(ਅੱਜ ਸਵੇਰੇ ਜਾਗਣ 'ਤੇ ਕੁੱਝ ਮਾੜੀਆਂ ਸੋਚਾਂ ਦੇ ਵਾ-ਵਰੋਲੇ ਅੰਦਰ ਉੱਠਣ ਲੱਗੀ ।
ਅੱਖਾਂ ਬੰਦ ਕਰਕੇ ਬੈਠ ਗਈ ਤਾਂ ਇਨ੍ਹਾਂ ਖ਼ਿਆਲਾਂ ਦੀ ਲੜੀ ਮਨ 'ਚ ਚੱਲ ਪਈ :)

ਜਿਵੇਂ ਤੂੰ ਸੋਚਦੀ ਹੈਂ ਦੂਜਿਆਂ ਬਾਰੇ
ਕੀ ਡੱਡੂ ਵੀ ਇੰਜ ਸੋਚਦੇ ਨੇ ?
ਕੀ ਤਿੱਤਰ ਵੀ ਇੰਜ ਸੋਚਦੇ ਨੇ ?
ਕੀ ਕਰਦੇ ਨੇ ਕਾਂ ਇੱਕ ਦੂਜੇ ਨੂੰ ਨਫ਼ਰਤ ?
ਕਦੇ ਦੇਖਿਆ ਹੈ ਸ਼ੇਰਾਂ ਨੂੰ ਇੱਕ ਦੂਜੇ ਨੂੰ ਖਾਂਦੇ ?

ਹਾਂ, ਲੜ ਪੈਂਦੇ ਨੇ, ਕਦੇ ਕਦੇ,
ਕੁੱਝ ਪੰਛੀ, ਪਸ਼ੂ ਤੇ ਜੀ-ਜੰਤੂ ਵੀ
ਪਰ, ਮੁੱਕ ਜਾਂਦਾ ਹੈ ਟੰਟਾ ਓੱਥੇ ਹੀ ।

ਇਹ ਸਾਡਾ ਮਸਲਾ ਤਾਂ ਬੜਾ ਘਟੀਆ ਹੈ
ਉੱਠਦੇ-ਬਹਿੰਦੇ ਦੂਜਿਆਂ ਬਾਰੇ ਜ਼ਹਿਰ ਘੋਲਣੀ
ਮਾੜੀਆਂ ਗੱਲਾਂ ਸੋਚੀ ਜਾਣਾ
ਖ਼ੁਦ ਨੂੰ ਲਾਟੀ ਖਾਂ ਸਮਝੀ ਜਾਣਾ
ਤੇ ਹੋਰ ਪੁਆੜੇ ।

ਕੀ ਐਵੇਂ ਮੈਨੂੰ ਖ਼ੁਸ਼ ਫਹਿਮੀ ਹੈ,
ਪਰ ਸੱਚਮੁਚ, ਮੇਰਾ ਦਿਲ ਦਰਿਆ ਨਹੀਂ ?
ਕੀ ਬੁੱਧ, ਨਾਨਕ, ਤੇ ਕ੍ਰਿਸ਼ਨ ਨਾਲ ਮੇਰੀ ਕੋਈ ਸਾਂਝ ਨਹੀਂ ?
ਕੀ ਸਭ ਲੋਕ, ਬੱਸ, ਬੇਗਾਨੇ ਹਨ ?
ਤੇ ਸਭ ਹੀ ਮੇਰੇ ਦੁਸ਼ਮਨ ਹਨ ?

ਮੈਂ ਤਾਂ ਫੁੱਲ ਉਗਾਉਣੇ ਸਨ
ਮੈਂ ਤਾਂ ਚਸ਼ਮਿਆਂ ਦੇ ਗੀਤ ਗਾਉਣੇ ਸਨ

ਮੈਂ ਤਾਂ ਨਦੀਆਂ ਸੰਗ ਤੁਰਨਾ ਸੀ
ਮੈਂ ਤਾਂ ਬੱਚਿਆਂ ਸੰਗ ਹੱਸਣਾ ਸੀ
ਮੈਂ ਤਾਂ ਆਕਾਸ਼ 'ਚ ਉੱਡਣਾ ਸੀ
ਮੈਂ ਤਾਂ ਬ੍ਰਹਿਮੰਡ ਵਿਚ ਘੁੰਮਣਾ ਸੀ
ਓ, ਮੈਂ ਤਾਂ ਚੰਨ ਤੇ ਤਾਰਿਆਂ ਨੂੰ ਛੂਹਣਾ ਸੀ ।

ਇਹ ਮੈਂ ਕੀ ਕਰਨ ਬਹਿ ਜਾਂਦੀ ਹਾਂ
ਤੇ ਕਿਸ ਲੈਵਲ 'ਤੇ ਡਿੱਗ ਜਾਂਦੀ ਹਾਂ
ਕਿ ਉੱਠ ਫ਼ੇਰ ਖ਼ੁਦ ਨੂੰ ਹੀ
ਸ਼ੀਸ਼ੇ ਵਿਚ ਵੇਖਣ ਨੂੰ ਜੀ ਨਹੀਂ ਕਰਦਾ ।
ਖ਼ੁਦ ਬਾਰੇ ਸੋਚਣ ਨੂੰ ਜੀ ਨਹੀਂ ਕਰਦਾ ।

ਹੇ ਰੱਬ, ਮੇਰੀ ਸੋਚ ਨੂੰ ਉੱਠਣ ਦੀ ਤੌਫ਼ੀਕ ਦੇ
ਮੇਰੇ ਕਰਮ ਨੂੰ ਚੰਗਿਆਈ ਦੀ ਤੌਫ਼ੀਕ ਦੇ
ਨਹੀਂ ਤਾਂ, ਜੋ ਵੀ ਹੈ, ਇਹ ਸਭ ਕੁੱਝ ਮੇਰੇ ਤੋਂ ਵਾਪਿਸ ਲੈ ਲਾ
ਤੇ ਮੈਨੂੰ ਮੁਕਤ ਕਰ
ਕੀ ਕਰਨਾ ਹੈ ਇਹ ਸਭ ਕੁੱਝ ਵੀ ਮੈਂ
ਕੀ ਕਰਨਾ ਹੈ !

7/1/13 { 8:20 ਸਵੇਰ

ਫੁੱਲ ਦੀ ਤਾਸੀਰ

ਮੈਂ ਫੁੱਲਾਂ ਨੂੰ ਜੋ ਮਰਜ਼ੀ ਆਖਾਂ
ਜੋ ਮਰਜ਼ੀ ਇਲਜ਼ਾਮ ਲਗਾਵਾਂ
ਪਰ ਨਹੀਂ ਖੋਹ ਹੋਣੇ ਮੈਥੋਂ ਓਹਦੇ
ਜਲਵੇ, ਮਹਿਕਾਂ ਤੇ ਰੰਗ
ਤੇ ਓਹਦਾ ਮਿੱਟੀ, ਪਾਣੀ ਤੇ ਪੌਣਾਂ ਦਾ ਸੰਗ ।

ਕਿੰਨਾ ਸ਼ਕਤੀਸ਼ਾਲੀ ਹੈ
ਇੱਕ ਨਾਜ਼ੁਕ ਜਹੇ ਫੁੱਲ ਦੀ ਤਾਸੀਰ
ਤੇ ਓਹਦਾ ਰੁੱਖ-ਢੰਗ ।

7/1/13 { 3:00 ਬਾਦ ਦੁਪਿਹਰ

ਚੱਤੇ ਪਹਿਰ

ਨਹੀਂ ਜਚਦੀ ਸਾਨੂੰ ਸਵੇਰ ਤੇ ਸ਼ਾਮ
ਅਕਾਊ ਰਟ ਮੰਦਿਰ ਤੇ ਗੁਰਦਵਾਰੇ ਵਾਲੀ ।
ਸਾਡੇ ਮਨ ਦੇ ਸਪੀਕਰ 'ਤੇ ਤਾਂ ਵੱਜਦੀ ਹੈ
ਚੱਤੇ ਪਹਿਰ, ਕੋਈ ਇਸ਼ਕ ਕਵਾਲੀ,
ਗਾਉਂਦੀ ਹੈ ਕੋਈ ਮੀਰਾ ਮਤਵਾਲੀ,
ਜਾਂ ਗਾਉਂਦਾ ਮਾਨਕ, ਚਮਕੀਲਾ ।
ਮੱਛਰਿਆ ਜੱਟ ਕੰਨ ਪੜਵਾਉਂਦਾ,
ਭੇਸ ਵਟਾਉਂਦਾ
ਤੇ ਨਿਰੰਤਰ ਦੀਂਹਦੀ ਸਾਨੂੰ ਤੋਤਿਆਂ ਦੀ ਫੁੱਲਕਾਰੀ ।
ਜਾਂ ਚਮਕੀਲੇ ਦੀ ਝਾਤੀ ਵਿਚੋਂ
ਨਖਰੇ ਕਰਦੀ ਲੰਘਦੀ ਹੈ ਭਾਬੀ ਜਾਂ ਕੋਈ ਸਾਲੀ ।
ਹੱਸ ਹੱਸ ਪੰਜ ਆਬ ਦੀਆਂ ਨੱਢੀਆਂ
ਜਦ ਝੋਲੀਆਂ ਭਰਨ ਕਪਾਹ ਦੀਆਂ ਫੁੱਟੀਆਂ
ਤਾਂ ਸੁਪਨਿਆਂ ਵਿਚ ਰੰਗਾ ਬਹਿੰਦੀਆਂ ਅਸਮਾਨੀ ਚੁੰਨੀਆਂ
ਤੇ ਫਿਰ ਗੋਹਾ-ਕੂੜਾ ਕਰਦੀਆਂ
ਪਾ ਜੋਬਨ ਦੀ ਕੁੜਤੀ ਤੇ ਸੁੱਥਣ ਕਾਲੀ ।
ਕੀ ਹੋਇਆ ਜੇ ਅਖ਼ੀਰ 'ਤੇ, ਹੋ ਜਾਂਦੀ ਹੈ ਹਰ ਕਹਾਣੀ
ਹੀਰ, ਸੱਸੀ ਤੇ ਸੋਹਣੀ ਵਾਲੀ
ਪਰ ਜਿੰਨਾ ਚਿਰ ਇਹ ਚੱਲਦੀ ਹੈ
ਓਨਾ ਚਿਰ, ਸੈਆਂ ਰੰਗ ਇਹਦੇ ਵਿਚ ਉੱਡਣ
ਤੇ ਜ਼ਿੰਦਗੀ ਇਹਦੇ ਵਿਚ ਧੜਕਦੀ ਹੈ ।
ਤੇ ਇਨ੍ਹਾਂ ਹੀ ਰੰਗਾਂ ਵਿਚ ਸਾਡੀ ਵੀ ਕਹਾਣੀ ਹੈ
ਤਾਹੀਓਂ ਤਾਂ, ਮੰਦਿਰ ਤੇ ਗੁਰਦਵਾਰੇ ਦੀ ਅਕਾਊ ਰਟ ਨਾਲੋਂ
ਸਾਨੂੰ ਇਹ ਜਚਦੀ ਹੈ
ਤੇ ਸਾਡੇ ਮਨ ਦੇ ਸਪੀਕਰ 'ਤੇ, ਚੱਤੇ ਪਹਿਰ, ਇਹ ਵੱਜਦੀ ਹੈ ।

7/1/13 { 6:20 ਸ਼ਾਮ

ਉਂਗਲੀ ਚੀਰਾਂ ਤਾਂ

ਉਂਗਲ ਚੀਰਾਂ ਤਾਂ ਖ਼ੂਨ ਦਾ ਕਤਰਾ ਨਾ ਦਿਸੇ
ਪਰ ਜ਼ਖਮ ਹੈ ਤੇ ਇਹਦੀ ਪੀੜ ਹੈ ।
ਮੈਂ ਭੁੱਲ ਜਾਣਾ ਚਾਹੁੰਦੀ ਹਾਂ ਓਹ ਸਭ ਕਿੱਸੇ
ਜਿਨ੍ਹਾਂ ਦਾ ਦੁੱਖ ਤੋਂ ਸਿਵਾ ਮੇਰੇ ਨਾਲ ਕੋਈ ਰਿਸ਼ਤਾ ਨਹੀਂ
ਮੈਂ ਭੁੱਲ ਜਾਣਾ ਚਾਹੁੰਦੀ ਹਾਂ
ਬਹੁਤ ਕੁੱਝ...
ਪਰ ਕਿੰਨਾ ਆਸਾਨ ਹੈ ਦੁਆ ਕਰਨੀ
ਔਖਾ ਹੈ ਜ਼ਖਮਾਂ ਤੋਂ ਮੁਕਤ ਹੋ ਜਾਣਾ ।
ਬਿਨ ਸੋਚੇ, ਬਿਨ ਵਿਉਂਤੇ ਰਸਤੇ ਅਪਣਾਉਣ ਦੀ
ਇਨ੍ਹਾਂ 'ਤੇ ਤੁਰਨ ਦੀ ਜ਼ਿਦ ਕਰਨ ਦੀ,
ਤੇ ਜੀਣ ਦੀ
ਇਹ ਵੀ ਹੁੰਦੀ ਹੈ ਕੀਮਤ ਕੋਈ
ਹਾਂ, ਇਹ ਵੀ ਹੁੰਦੀ ਹੈ ਕੀਮਤ ਕੋਈ...

ਉਂਗਲ ਚੀਰਾਂ ਤਾਂ ਖ਼ੂਨ ਦਾ ਕਤਰਾ ਨਾ ਦਿਸੇ...

7/2/13 { 1:00 ਦੁਪਿਹਰ

ਕਦੇ ਸੋਚਿਆ ?

ਸਹਿਜ ਸੁੱਤੇ ਪਾਣੀ ਵਿਚ
ਸ਼ਰਾਰਤ ਨਾਲ ਢੀਮ ਮਾਰ
ਹੱਸ ਲਿਆ ਤੂੰ ।
ਕਦੇ ਸੋਚਿਆ,
ਕੰਬਦੀਆਂ ਲਹਿਰਾਂ 'ਤੇ ਕੀ ਬੀਤੀ ?

7/2/13 { 9:00 ਰਾਤ

ਕਾਗਤ ਦਾ ਗੁੱਡਾ

ਇਹ ਜੋ ਚੜ੍ਹਿਆ ਚੰਨ ਬਨੇਰੇ
ਗੁੱਡਾ ਏ ਕੋਈ ਕਾਗਤ ਦਾ
ਐਹੋ ਜਹੀਆਂ ਚੀਜਾਂ ਦੀ ਖ਼ਾਤਿਰ
ਦਿਲ ਨਹੀਂ ਬੀਬਾ ਬਾਲੀ ਦਾ ।
ਅੱਜ ਇਹ ਉੱਡ ਉੱਡ ਆਏ ਬਾਰੀ 'ਤੇ
ਲੁੱਟੇ ਕੋਈ ਚੈਨ ਕੁਆਰੀ ਦਾ
ਜਿਹੜੀ ਤੁਰ ਪਏ ਇਹਦੇ ਪਿੱਛੇ ਲੱਗ ਕੇ
ਗਾਹੇ ਪੈਂਡਾ ਧਰਤੀ ਸਾਰੀ ਦਾ...

ਦੂੜ ਦੂਰ ਇਹ ਉੱਡਦਾ ਜਾਂਦਾ
ਹੱਸ ਹੱਸ ਚਾਨਣ ਸੁੱਟਦਾ ਜਾਂਦਾ
ਝੂਠੀ ਜਹੀ ਕੋਈ ਖੇਡ ਰਚਾ ਕੇ
ਮਨ ਚਾਹਿਆ ਕੋਈ ਜਾਲ ਵਿਛਾ ਕੇ
ਕਿਸੇ ਕਮਲੀ ਨੂੰ ਪਿੱਛੇ ਲਾ ਕੇ
ਡੱਡੂ ਜਿਓਂ ਪਾਣੀ ਵਿਚ ਲੁਕਦਾ
ਇਹ ਵੀ ਫ਼ਿਰ ਇੰਜ ਲੁਕ ਜਾਂਦਾ
ਨੀ ਇਹ ਪਿਓ ਕਿਸੇ ਬਾਰਾਂ ਤਾਲੀ ਦਾ...

ਟੇਢੇ ਰਸਤੇ, ਘੁੰਮਣ-ਘੇਰੇ
ਜੰਗਲ-ਬੇਲੇ, ਘਣੇ ਹਨ੍ਹੇਰੇ
ਨਾ ਕੋਈ ਅੱਗੇ ਜਾਣ ਦਾ ਰਸਤਾ
ਨਾ ਹੀ ਪਿੱਛੇ ਮੁੜਣ ਦਾ ਰਾਹ ।
ਸੁੰਨ ਸੋਚ ਤੇ ਪੱਥਰ ਪੈਰ
ਕੌਣ ਸੀ ਆਪਣਾ
ਏਥੇ ਸਭੇ ਗੈਰ ।
ਵਕਤ ਵਿਹਾ ਕਿ ਜਾਣਿਆ ਇਹ ਸਭ

ਜਿੰਦ-ਜਾਨ ਲੁਟਾ ਕੇ ਜਾਣਿਆਂ ਇਹ ਸਭ
ਕਿ ਓਹ ਜੋ ਚੜ੍ਹਿਆ ਸੀ ਚੰਨ ਬਨੇਰੇ
ਓਹ ਤਾਂ ਗੁੱਡਾ ਸੀ ਕੋਈ ਕਾਗਤ ਦਾ
ਕਿ ਐਹੋ ਜਹੀਆਂ ਚੀਜਾਂ ਦੀ ਖ਼ਾਤਿਰ
ਦਿਲ ਨਹੀਂ ਬੀਬਾ ਬਾਲੀ ਦਾ ।

7/2/13 { 9:30 ਰਾਤ

ਬੇਕਾਰ

ਤੂੰ ਕਿਸ ਵੱਟ ਦਾ ਤਿਨਕਾ ਹੈਂ
ਤੇ ਮੈਂ ਕਿਸ ਬਾਗ ਦੀ ਮੂਲੀ
ਨੈਪੋਲੀਅਨ ਤੇ ਸਿੰਕਦਰ ਏਥੇ
ਚੜ੍ਹ ਗਏ ਵਕਤ ਦੀ ਸੂਲੀ ,
ਪਰ ਭੁੱਲ ਜਾਂਦੇ ਨੇ ਆਪਣੀ ਔਕਾਤ
ਤਿਨਕਾ ਤੇ ਮੂਲੀ
ਤੇ ਬਣ ਬਹਿੰਦੇ ਨੇ ਨਿਰੰਕਾਰ ,
ਜਦ ਕਿ ਅਸਲੀਅਤ ਵਿਚ ਨੇ
ਦੋਵੇਂ, ਉਕੜ-ਦੁੱਕੜ ਤੇ ਬੇਕਾਰ...

7/3/13 { 7:10 ਸ਼ਾਮ

ਸ਼ਾਇਦ

ਹੇ ਨਦੀ, ਮੈਨੂੰ ਛੂਹ ਲੈਣ ਦੇ ਪੈਰ ਤੇਰੇ
ਸ਼ਾਇਦ ਸਿੱਖ ਸਕਾਂ ਕੁੱਝ
ਤੇਰੀ ਨਿਰਛਲਤਾ
ਤੇ ਪਵਿੱਤ੍ਰਤਾ ਤੋਂ ਮੈਂ ਵੀ ।

ਹੇ ਪਵਨ, ਤੂੰ ਜੋ ਸਭ ਨੂੰ ਜੀਵਨ ਦਿੰਦੀ
ਵੰਡ ਮੁਕਤ ਹੋ ਵਹਿੰਦੀ
ਪਰ ਖ਼ੁਦ ਦੀਂਹਦੀ ਤੱਕ ਨਾ
ਸਿਖਾ ਮੈਨੂੰ " ਮੈਂ " ਮੁਕਤ ਹੋ ਜੀਣਾ
ਤੇ ਹਉਮੇਂ ਨੂੰ ਤੱਜਣਾ ।

ਹੇ ਰੁੱਖ, ਮੈਨੂੰ ਪਾ ਲੈਣ ਦੇ ਗਲਵੱਕੜੀ ਤੈਨੂੰ
ਸ਼ਾਇਦ ਸਿੱਖ ਲਵਾਂ
ਤੇਰਾ ਸਬਰ ਤੇ ਕੁਰਬਾਨੀ ਦਾ ਜਜ਼ਬਾ ਮੈਂ ਵੀ
ਤੇ ਹੋ ਸਕਾਂ ਕੁੱਝ ਚੰਗੀ ਮੈਂ ਵੀ ।

ਹੇ ਪੰਛੀ, ਕਿੰਨਾ ਨਿੱਕਾ ਤੇ ਕਿੰਨਾ ਨਾਜ਼ੁਕ ਹੈਂ ਤੂੰ
ਪਰ ਕਿੱਡਾ ਹੌਂਸਲਾ ਤੇ ਕਿੱਡੀ ਉੱਚੀ ਤੇਰੀ ਉਡਾਰੀ
ਤੇ ਮਹੌਲ 'ਚ ਅਮ੍ਰਿਤ-ਰਸ ਘੋਲਦੀ ਤੇਰੀ ਆਵਾਜ਼ ਪਿਆਰੀ ।
ਆਹ ! ਤੈਨੂੰ ਤੱਕ ਲੈਣ ਦੇ ਕੁੱਝ ਨੇੜਿਓਂ ਮੈਨੂੰ
ਤੇ ਤੇਰੇ ਅੱਗੇ ਅੱਜ ਝੁਕ ਲੈਣ ਦੇ ਮੈਨੂੰ
ਕਿ ਸ਼ਾਇਦ ਮੈਂ ਕੁੱਝ ਤੇਰੇ ਤੋਂ ਹੀ ਸਿੱਖ ਲਵਾਂ ?

ਹੇ ਉੱਡਦੇ ਬੱਦਲ, ਮੈਂ ਸਮਝਦੀ ਹਾਂ ਤੇਰੀ ਤਾਸੀਰ ਨੂੰ
ਇਹ ਤੇਰੇ ਆਵਾਰਾ ਰਸਤੇ, ਤੇ ਮਨ ਦੀ ਮੌਜ ਨੂੰ
ਚਾਹੁੰਦੀ ਹਾਂ ਮੈਂ ਤੇਰੇ ਵਰਗੀ ਹੋਵਾਂ

ਤੇਰੇ ਵਾਂਗੂੰ ਜੀਵਾਂ
ਪਰ ਉੱਲਝ ਜਾਂਦੀ ਹਾਂ ਮੈਂ ਮੋਹ ਤੰਦਾਂ ਵਿਚ
ਇਸ ਦੁਨੀਆਂ ਵਿਚ
ਤੇ ਡਿੱਗ ਪੈਂਦੀ ਹਾਂ ਮੂਧੇ ਮੂੰਹ ।
ਓ ਠਹਿਰ ਜਰਾ ! ਓਹ ਠਹਿਰ ਜਰਾ !
ਅੱਜ ਮੈਨੂੰ ਵੀ ਆਪਣੇ ਨਾਲ ਉੱਡ ਜਾਣ ਦੇ
ਤੇ ਆਪਣੇ ਜਿਹਾ ਹੋ ਲੈਣ ਦੇ ।

ਨਿਰਾਸ਼ ਹਾਂ ਆਪਣੇ ਆਪ ਤੋਂ ਮੈਂ
ਨਾ-ਖ਼ੁਸ਼ ਹਾਂ ਆਪਣੀਆਂ ਕਮੀਆਂ ਤੋਂ
ਇਨਸਾਨ ਹੋ ਕੇ, ਕੀ ਸਿਖਿਆ ਮੈਂ ?
ਕੀ ਕੀਤਾ ਮੈਂ ?
ਕੁੱਝ ਨਹੀਂ
ਹਾਂ, ਕੁੱਝ ਨਹੀਂ ।
ਪਰ, ਸ਼ਾਇਦ, ਹਾਲੇ ਵੀ ਕੋਈ ਉਮੀਦ ਹੈ
ਹਾਲੇ ਵੀ ਬਦਲ ਸਕਦੀ ਹਾਂ ਮੈਂ
ਹਾਲੇ ਵੀ ਕੁੱਝ ਸਿਖ ਸਕਦੀ ਹਾਂ ਮੈਂ
ਨਦੀ ਤੋਂ, ਰੁੱਖ ਤੋਂ, ਪੰਛੀ ਤੋਂ ਤੇ ਬੱਦਲ ਤੋਂ
ਸ਼ਾਇਦ....

7/4/13 { 10:00 ਸਵੇਰ

ਸਕੂਲ

ਸੰਧਿਆ ਵੇਲਾ, ਤੇ ਜਗਦੀ ਜੋਤ
ਪਰੇਸ਼ਾਨੀ, ਹੱਥ ਜੋੜ
ਰੋਸ਼ਨੀ ਨਾਲ ਗੱਲਾਂ ਕਰਦੀ ਹੈ :
ਮੈਨੂੰ ਪਤਾ ਹੈ ਸਭ ਕੁੱਝ ਤੇਰਾ ਹੈ,
ਅਸਥਾਈ ਹੈ,
ਭੁਲੇਖਾ ਹੈ ।
ਫ਼ਿਰ ਵੀ, ਮੈਂ ਪ੍ਰੇਸ਼ਾਨ ਹਾਂ
ਤੇ ਜੰਜਾਲ ਜਹੇ 'ਚ ਘਿਰ ਗਈ ਹਾਂ ।
ਦੁਖੀ ਕਰ ਜਾਂਦੀਆਂ ਨੇ
ਲੋਕਾਂ ਦੀਆਂ ਗੱਲਾਂ ਮੈਨੂੰ
ਖੇਡਾਂ ਮੈਨੂੰ
ਚਲਾਕੀਆਂ ਮੈਨੂੰ ।
ਚਤੁਰਾਈਆਂ ਤੇ ਧੋਖੇ
ਉੱਪਰੋਂ ਮਿੱਠੇ ਤੇ ਅੰਦਰੋਂ ਖੋਖੇ
ਸੋਚਣ ਹੋਰ ਤੇ ਆਖਣ ਹੋਰ
ਕਰਨ ਕੁੱਝ ਹੋਰ ਤੇ ਦੱਸਣ ਕੁੱਝ ਹੋਰ ।
ਓ ਇਸ ਦਲਦਲ ਤੋਂ
ਦੂਰ ਲੈ ਜਾ ਮੈਨੂੰ !
ਦੂਰ ਲੈ ਜਾ ਮੈਨੂੰ !

ਇੱਕ ਆਵਾਜ਼ ਉੱਠਦੀ ਹੈ
ਤੇ ਕਹਿੰਦੀ ਹੈ :
ਇਹ ਧਰਤੀ ਇੱਕ ਸਕੂਲ ਹੈ
ਤੇ ਤੂੰ ਇਹਦੀ ਵਿਦਿਆਰਥੀ
ਇਹ ਤੇਰੇ ਇਮਤਿਹਾਨ ਨੇ
ਤੇ ਸਬਕ ਨੇ ।

ਇਹ ਤੂੰ ਰੋ ਕੇ ਕਰ ਜਾਂ ਹੱਸ ਕੇ ਕਰ
ਹੌਂਸਲਾ ਕਰ ਜਾਂ ਇਨ੍ਹਾਂ ਤੋਂ ਡਰ
ਤੇਰੀ ਮਰਜ਼ੀ ।
ਨਾਲੇ ਭੱਜਣ ਲਈ ਇਨ੍ਹਾਂ ਤੋਂ, ਕੀ ਤੂੰ ਏਥੇ ਆਈ ਸੀ ?
ਤੇ ਭੱਜ ਕੇ ਫੇਰ ਜਾਣਾ ਵੀ ਤੂੰ ਕਿੱਥੇ ਸੀ ?

ਖੌਰੇ ਕੀਹਨੇ ਮੇਰੇ ਹੰਝੂ ਪੁੰਝੇ
ਤੇ ਮੈਂ ਜ਼ਮੀਨ 'ਤੇ ਬਹਿ ਗਈ ।

ਸਮੁੰਦਰ ਵਿਚ ਮੱਛੀਆਂ, ਜਲ-ਜੰਤੂ ਤੇ ਸੈਂਕੜੇ ਹੋਰ ਖਜ਼ਾਨੇ ਸਨ
ਦਰਿਆਵਾਂ ਵਿਚ ਨੱਚਦੀਆਂ ਲਹਿਰਾਂ, ਤੇ ਰੁੱਖਾਂ ਦੇ ਪ੍ਰਛਾਵੇਂ ਸਨ
ਆਕਾਸ਼ ਬਦਲਦਾ ਰੰਗ ਸੀ,
ਤੇ ਹੁਣ ਤਾਰਿਆਂ ਨਾਲ ਬੁਲੰਦ ਸੀ ।
ਚੰਨ ਦਾਤੀ ਬਣ ਕੇ ਚੜ੍ਹਿਆ
ਤੇ ਹਰ ਦੁੱਖ ਹਰਿਆ ...

" ਛਿਅ ਘਰ ਛਿਅ ਗੁਰ, ਛਿਅ ਉਪਦੇਸ
ਗੁਰੁ ਗੁਰੁ ਏਕੋ, ਵੇਸ ਅਨੇਕ
ਬਾਬਾ ਜੈ ਘਰਿ ਕਰਤੇ, ਕੀਰਤਿ ਹੋਇ
ਸੋ ਘਰ ਰਾਖੁ, ਵਡਾਈ ਤੋਇ ।। ਰਹਾਓ "

ਸ਼ਬਦ ਜਿਓਂ ਬ੍ਰਹਿਮੰਡ ਵਿਚ ਵੱਜਦਾ ਨਾਦ ਸੀ,
ਰਾਤ ਨੇ ਵੀ ਛੇੜ ਲਿਆ ਕੋਈ ਸਾਜ਼ ਸੀ,
ਤੇ ਮੈਂ, ਇਸ ਸਾਰੇ ਕੁੱਝ 'ਚ ਅਭੇਦ ਸੀ,
ਆਬਾਦ ਸੀ ।

7/5/13 { 11:10 ਰਾਤ

ਹੱਥ ਮੇਰੇ

ਕੀ ਹੋਇਆ ਜੇ ਟੁੱਟਿਆ ਅੱਜ ਸਾਜ਼ ਹੈ
ਹੈ ਮੇਰੇ ਵਿਚ ਹਿੰਮਤ ਫ਼ਿਰ ਵੀ
ਤੇ ਆਪਣੀ ਆਵਾਜ਼ ਹੈ ।
ਇਹ ਤਾਂ ਇੱਕ ਸੰਦ ਸੀ
ਜੋ ਬਿਨ ਸਜਿੰਦੇ ਨਿਰਜਿੰਦ ਸੀ ।
ਹੱਥ ਮੇਰੇ ਫੇਰ ਵੀ ਕਰਨਗੇ ਮੈਨੂੰ ਬਿਆਨ
ਸ਼ਬਦ ਮੇਰੇ ਫੇਰ ਵੀ ਖੜ੍ਹਨਗੇ ਸੀਨੇ ਨੂੰ ਤਾਣ ।

7/6/13 { 9:00 ਸਵੇਰ

ਮਨ-ਬਾਜਾਂ ਸੰਗ

ਸਿਮਟ ਕੇ ਸੌਂ ਚੁਕੀਆਂ ਹਨ ਸੂਰਜ ਦੀਆਂ ਕਿਰਨਾਂ
ਗਹਿਰਾ ਹੋ ਗਿਆ ਹੈ ਫ਼ਿਰ ਸ਼ਾਮ ਦਾ ਰੰਗ ।
ਫ਼ਿਰ ਆਵਾਜ਼ਾਂ ਦੇ ਰਹੇ ਹਨ ਰਾਤ ਦੇ ਸਾਥੀ
ਫ਼ਿਰ ਇਸ ਪਲ ਚੰਨ, ਤੇ ਤਾਰਿਆਂ ਦਾ ਸੰਗ ।
ਫ਼ਿਰ ਜ਼ਿੰਦਗੀ ਦੀ ਇੱਕ ਰਾਤ ਸੁਹਾਨੀ
ਫ਼ਿਰ ਖੁਸ਼ੀਆਂ ਨੇ ਮਸਤ ਮਲੰਗ ।
ਫ਼ਿਰ ਭੁੱਲ ਗਈ ਹਾਂ ਮੈਂ ਦਿਨ ਦੀਆਂ ਚਾਲਾਂ
ਫ਼ਿਰ ਹੋਇਆ ਵਹਿਮ ਮੋਹ-ਭੰਗ ।
ਓ ਚੜ੍ਹਿਆ ਉਮੀਦਾਂ ਨੂੰ ਸਰੂਰ
ਜਿਓਂ ਚੜ੍ਹਦੀ ਹੈ ਅਮਲੀ ਨੂੰ ਭੰਗ ।
ਕਿੱਧਰ ਨੂੰ ਭੱਜ ਗਈ ਉਦਾਸੀ
ਤੇ ਨਿਰਾਸ਼ਾ ਦਾ ਨਾ ਚੱਲਦਾ ਡੰਗ ।
ਓ ਮੈਂ ਤਾਂ ਆਪਣੀ ਮੌਜ ਤੇ ਮਸਤੀ ਵਿਚ
ਉੱਡ ਪਈ ਹਾਂ ਮਨ-ਬਾਜਾਂ ਸੰਗ ।

7/6/13 { 10:15 ਰਾਤ

ਕਦੇ ਇਹ ਦਰਿਆ

ਠੰਡ ਏਨੀ ਕਿ ਜੰਮ ਗਿਆ ਦਰਿਆ ਦਾ ਪਾਣੀ
ਜੰਮ ਗਿਆ ਲਹਿਰਾਂ ਦਾ ਜੋਸ਼
ਗੁਆਚ ਗਈ ਖੁਸ਼ੀਆਂ ਦੀ ਹੋਸ਼ ।
ਹਾਲਾਤ ਕਿਵੇਂ ਬਦਲਦੇ
ਪਾਣੀ ਦੀ ਰਫ਼ਤਾਰ ਵੀ
ਤੇ ਲਹਿਰਾਂ ਦੀ ਬਾਰਾਤ ਵੀ ।

ਕਦੇ ਇਹ ਦਰਿਆ ਮੌਜ 'ਚ ਆਪਣੀ
ਲਹਿਰੀਏ ਵਾਂਗੂੰ ਵਿੰਗ ਵਲ ਪਾਉਂਦਾ
ਗੁਨਗੁਣਾਉਦਾ
ਸ਼ਾਂਤ ਵਹਿੰਦਾ
ਤੇ ਸੀ ਜੋਸ਼ 'ਚ ਆਉਂਦਾ ।
ਅੱਜ, ਬਣ ਚੁੱਕਾ ਹੈ
ਨਿਰਜਿੰਦ ਜਿਹਾ, ਬੇਬਸੀ ਦਾ ਸੱਥਰ
ਬੱਸ, ਬਰਫ਼ ਜਾਂ ਪੱਥਰ .
ਪਰ ਮੈਂ ਰੁੱਕ ਉਦਾਸ ਕਿਓਂ ਹੋਵਾਂ
ਕਿਓਂ ਇਹਦੀ ਮੌਤ 'ਤੇ ਰੋਵਾਂ ।

ਹੁਣ ਪਿੱਠ ਪਿਛਲਾ ਸੂਰਜ ਸੰਧੂਰੀ ਹੈ
ਇਹਦੇ ਜਾਂਣ ਦੀ ਵੀ ਮਜ਼ਬੂਰੀ ਹੈ ।
ਮੈਂ ਛੇਤੀਂ ਕਦਮ ਉੱਠਾਵਾਂ
ਤੇ ਰਾਤ ਤੋਂ ਪਹਿਲਾਂ
ਇਸ ਰਸਤਿਓਂ ਲੰਘ ਜਾਵਾਂ ।

7/8/13 { 8:20 ਸ਼ਾਮ

ਬਿਨ ਸੋਚੇ

ਬੈਠੀ ਬੱਸ ਐਵੇਂ ਦੇਖੀ ਜਾਂਦੀ ਹਾਂ
ਕੰਧਾਂ 'ਤੇ ਲੱਗੀਆਂ ਤਸਵੀਰਾਂ
ਪੜ੍ਹੀ ਜਾਂਦੀ ਹਾਂ
ਸ਼ੈਲਫ਼ ਤੇ ਪਈਆਂ ਕਿਤਾਬਾਂ ਦੇ ਟਾਈਟਲ
ਦੇਖਦੀ ਹਾਂ, ਗਮਲਿਆਂ 'ਚ ਲੱਗੇ ਵੇਲਾਂ-ਬੂਟੇ
ਛੱਤ ਤੇ ਕੰਧਾਂ
ਦਰਵਾਜ਼ੇ ਦੀ ਅੱਖ
ਸੋਫ਼ਾ ਤੇ ਦਲੀਚੇ
ਜਿਵੇਂ ਪੱਥਰ ਦਾ ਬੁੱਤ ਬਿਨ ਸੋਚੇ, ਦੇਖੇ
ਬਗੀਚੇ ਦੇ ਫੁੱਲਾਂ ਨੂੰ
ਚੌਂਕ ਦੀ ਟ੍ਰੈਫ਼ਿਕ ਨੂੰ
ਫ਼ੁਹਾਰਿਆਂ ਨੂੰ
ਸਾਮ੍ਹਣੇ ਹਰ ਚੀਜ਼ ਨੂੰ ।
ਚੰਗਾ ਹੈ ਬੁੱਤ ਹੋ ਕੇ ਵੇਹਣਾ
ਸੋਚਣ ਤੋਂ ਸੱਖਣਾ
ਅਹਿਸਾਸ ਤੋਂ ਸੱਖਣਾ ।
ਸੋਚਾਂ ਵਿਚ,
ਫ਼ਿਰ ਖ਼ੁਸ਼ੀਆਂ ਕਤਲ ਹੋ ਜਾਂਦੀਆਂ ਨੇ
ਫ਼ਿਰ ਅੱਖਾਂ ਹੰਝੂ ਭਰ ਲੈਂਦੀਆਂ ਨੇ
ਫ਼ਿਰ ਜ਼ਖਮਾਂ 'ਚੋਂ ਖ਼ੂਨ ਵਹਿ ਤੁਰਦਾ ਹੈ ।
ਬਿਨ ਸੋਚੇ,
ਮੈਂ ਦੇਖ ਰਹੀ ਹਾਂ ਹਰ ਚੀਜ਼ ਨੂੰ ।
ਕਿੰਨਾ ਸਕੂਨ ਹੈ ਬੁੱਤ ਹੋਣ ਵਿਚ
ਤੇ ਇੰਜ ਜੀਣ ਵਿਚ ।

7/9/13 { 8:00 ਰਾਤ

ਯਾਦ ਰੱਖਦੀ ਹੈ ਓਹ

ਉਸ ਚਿੜੀ ਦਾ ਦਿਲ ਹੀ ਜਾਣੀਏਂ
ਜਿਹੜੀ ਤੀਲਾ ਤੀਲਾ ਜੋੜ ਕੇ
ਘਰ ਪਾਉਂਦੀ ਹੈ,
ਅੰਡੇ ਦਿੰਦੀ ਹੈ,
ਨਿੱਤ ਉਨ੍ਹਾਂ 'ਤੇ ਬਹਿੰਦੀ ਹੈ,
ਪਰ, ਇੱਕ ਦਿਨ, ਜਦ ਚੋਗਾ ਚੁਗ ਓਹ ਮੁੜਦੀ ਹੈ
ਤਾਂ ਆਲ੍ਹਣਾ ਖਾਲੀ ।
ਘਬਰਾ ਕੇ, ਓਹ ਵੇਖਦੀ ਹੈ,
ਰੋਂਦੀ ਹੈ,
ਫ਼ਿਰ, ਉੱਡ ਜਾਂਦੀ ਹੈ
ਤੇ ਸ਼ਾਇਦ, ਛੇਤੀਂ ਹੀ ਭੁੱਲ ਜਾਂਦੀ ਹੈ
ਇਹ ਦੁਰਘਟਨਾ ।
ਤੇ ਯਾਦ ਰੱਖਦੀ ਹੈ :
ਰੁੱਖਾਂ 'ਤੇ ਬਹਿਣਾ,
ਗੀਤ ਗਾਉਣਾ,
ਪੌਣਾਂ ਸੰਗ ਉੱਡਣਾ
ਚੋਗਾ ਚੁਗਣਾ
ਤੇ ਜੀਣਾ ।

7/10/13 { 4:45 ਸ਼ਾਮ

ਮੈਂ ਸੋਚਦੀ ਹਾਂ ਕਦੇ ਕਦੇ

ਮੈਂ ਸੋਚਦੀ ਹਾਂ ਕਦੇ ਕਦੇ
ਕਿ ਕਿਨੀਆਂ ਸਿੱਧੜ ਸਨ
ਮੇਰੀਆਂ ਨਾਨੀਆਂ, ਪੜਨਾਨੀਆਂ
ਜੋ ਤੁਰ ਪੈਂਦੀਆਂ ਸਨ
ਕਦੇ ਮਾਰੂਥਲਾਂ ਵੱਲ
ਕਦੇ ਜੰਗਲ-ਬੇਲੇ
ਕਦੇ ਭੱਜ ਤੁਰਦੀਆਂ ਸਨ ਮਿਰਜਿਆਂ ਨਾਲ
ਤੇ ਕਦੇ ਡੁੱਬ ਮਰਦੀਆਂ ਸਨ ਵਿਚ ਝਨਾ
ਕਿੰਨੀਆਂ ਸਿੱਧੜ ਸਨ
ਇਹ ਮੇਰੀਆਂ ਨਾਨੀਆਂ ਪੜਨਾਨੀਆਂ
ਮੈਂ ਸੋਚਦੀ ਹਾਂ, ਕਦੇ ਕਦੇ ।
ਦਿਲ ਦੇ ਰਸਤੇ ਚੱਲਦੀਆਂ
ਇਸ਼ਕ ਨੂੰ ਦਰਗਾਹ ਮੰਨਦੀਆਂ
ਨਹੀਂ ਕਰਦੀਆਂ ਸਨ
ਜ਼ਿੰਦਗੀ ਦੀ ਪ੍ਰਵਾਹ
ਦੁਨੀਆਂ ਦੀ ਪ੍ਰਵਾਹ
ਤੇ ਦਿੰਦੀਆਂ ਸਨ ਸਭ ਕੁੱਝ ਹੀ ਲੁਟਾ
ਸਿੱਧੜ ਸੱਸੀਆਂ, ਸਾਹਿਬਾਂ,
ਹੀਰਾਂ ਤੇ ਸੋਹਣੀਆਂ ।
ਸੋਚਦੀ ਹਾਂ, ਕੱਲ ਨੂੰ
ਮੇਰੀਆਂ ਧੀਆਂ ਨੇ ਅਜਿਹਾ ਹੀ ਕੁੱਝ ਕਹਿਣਾ ਹੈ
ਕਿ ਕਿੰਨੀ ਸਿੱਧੜ ਤੇ ਮੂਰਖ ਸੀ ਮਾਂ ਉਨ੍ਹਾਂ ਦੀ
ਪਿਆਰ ਨੂੰ ਬਾਰ ਬਾਰ ਆਜ਼ਮਾ ਕੇ
ਧੋਖਾ ਖਾ ਕੇ,
ਫ਼ਿਰ ਡਿੱਗ ਪੈਂਦੀ ਸੀ
ਰੋਂਦੀ ਸੀ ਤੇ ਸਹੁੰ ਚੁੱਕਦੀ ਸੀ :

ਮੁੜ ਕਿਸੇ ਦਾ ਨਹੀਂ ਸੋਚੇਗੀ ।
ਫ਼ਿਰ ਗਲਤੀ ਕਰ ਬਹਿੰਦੀ ਸੀ
ਫ਼ਿਰ ਡਿੱਗਦੀ ਸੀ
ਫ਼ਿਰ ਰੋਂਦੀ ਸੀ....
ਇਹ ਸਭ, ਮੈਂ ਸੋਚਦੀ ਹਾਂ ਕਦੇ ਕਦੇ...

7/10/13 { 8:20 ਸ਼ਾਮ

ਸੱਚ ਦੱਸਾਂ ?

ਸੱਚ ਦੱਸਾਂ ?
ਮੈਨੂੰ ਪਤਾ ਨਹੀਂ
ਮੈਂ ਤੇਰੀ ਤਾਰੀਫ਼ ਵੀ ਕਿੰਜ ਕਰਾਂ !?
ਬਾਰ ਬਾਰ ਓਹੀ ਨਾਂਅ ਰਟਾਂ ?
ਜਾਂ ਰੋ ਰੋ, ਹੱਸ ਹੱਸ ਤੈਨੂੰ ਖ਼ੁਸ਼ ਕਰਾਂ ?
ਚੜ੍ਹਾਵਿਆਂ ਦੀ ਵੱਢੀ ਦਵਾਂ ?
ਓ ਮੈਨੂੰ ਪਤਾ ਨਹੀਂ, ਮੈਂ ਕੀ ਕਰਾਂ !
ਬੱਦਲ ਨੂੰ ਬੱਦਲ ਕਹਿਣਾ ਬੇਲੋੜਾ ਹੈ ।
ਸਾਗਰ ਨੂੰ ਸਾਗਰ ਕਿਹਾ ਤਾਂ ਕੀ ਕਿਹਾ ?
ਇੰਜ ਹੀ ਤੈਨੂੰ ਨਿਰਾਕਾਰ, ਨਿਰੰਕਾਰ,
ਜਿਹਾ ਕੁੱਝ ਕਿਓਂ ਕਹਾਂ ?
ਓ ਮੈਨੂੰ ਪਤਾ ਨਹੀਂ, ਮੈਂ ਕੀ ਕਰਾਂ !
ਜਾਂ ਫ਼ਿਰ, ਔਹ ਟਾਹਣੀ ਤੇ ਬੈਠੀ ਕਾਟੋ ਅੱਗੇ ਜਾ ਝੁਕਾਂ ?
ਤੇ ਇਹਦੇ ਨਾਲ ਹੀ ਗੱਲ ਕਰਾਂ ?
ਜੋ ਦੱਸਦੀ ਹੈ ਮੈਨੂੰ ਕਿ ਰੁੱਖ ਹਨ ਤਾਂ ਓਹ ਵੀ ਹੈ ।
ਰੁੱਖ ਨਹੀਂ ਤਾਂ ਓਹ ਵੀ ਨਹੀਂ
ਕਿ ਓਹ ਦੋਵੇਂ ਨਹੀਂ ਤਾਂ ਮੈਂ ਵੀ ਨਹੀਂ
ਜ਼ਿੰਦਗੀ ਨਹੀਂ ।
ਓ, ਹੁਣ ਸਮਝੀ ਹਾਂ ਮੈਂ ਕਿ
ਅੱਜ ਤੂੰ ਕਾਟੋ ਬਣ ਪਰਗਟ ਹੋਇਆ ਹੈਂ
ਮੈਨੂੰ ਨਵੇਂ ਨਾਂਅ ਤੇ ਨਵੇਂ ਅਰਥਾਂ ਨਾਲ ਮਿਲਿਆ ਹੈਂ ।
ਕੌਣ ਕਹਿੰਦੈ, ਤੇਰੀ ਸਾਰ ਨਾ ਜਾਣੇ ਕੋਈ ?
ਮੇਰੇ ਅੱਗੇ ਤਾਂ ਸ਼ਾਖਸ਼ਾਤ ਤੂੰ ਕਾਟੋ ਦੇ ਰੂਪ 'ਚ ਬੈਠਾ ਹੈਂ
ਤੇ ਨਿੱਕੇ ਨਿੱਕੇ ਹੱਥਾਂ ਨਾਲ, ਕੱਢ ਕੋਈ ਗਿਰੀਆਂ ਖਾਂਦਾ ਹੈਂ :
ਟੁਕ ਟੁਕ, ਟੁਕ ਟੁਕ, ਟੁਕ ਟੁਕ, ਟੁਕ ਟੁਕ...
ਓ ਮੈਨੂੰ ਪਤਾ ਹੈ, ਮੈਂ ਤੈਨੂੰ ਕੀ ਕਹਾਂ :

ਕਾਟੋ ! ਕਾਟੋ ! ਕਾਟੋ !
ਸਾਡੇ ਰੁੱਖ 'ਤੇ ਬੈਠੀ ਕਾਟੋ !

ਅੱਖੇ, ਬੁੱਲਿਆ, ਰੱਬ ਦਾ ਕੀ ਪਾਉਣਾ
ਏਥੋਂ ਪੁੱਟਿਆ ਤੇ ਔਥੇ ਲਾਉਣਾ ।

ਬਈ ਠੀਕ, ਬਹੁਤੇ ਝੰਜਟਾਂ ਵਿਚ ਕੀ ਪੈਣਾ
ਅਸੀਂ ਕਾਟੋ ਦਾ ਨਾਂਅ ਧਿਆਉਣਾ
ਤੇ ਇਹੋ ਕਰਦੇ, ਸਿੱਧੇ ਸਵਰਗਾਂ ਵਿਚ ਜਾ ਬਹਿਣਾ--
ਕਾਟੋ ਕਾਟੋ ਕਾਟੋ, ਕਾਟੋ ਕਾਟੋ ਕਾਟੋ,
ਕਾਟੋ ਕਾਟੋ ਕਾਟੋ, ਕਾਟੋ ਕਾਟੋ, ਕਾਟੋ...

7/11/13 { 10:20 ਸਵੇਰ

ਨਸ਼ਾ

ਅੱਜ ਤਾਂ ਰੱਬ ਦਾ ਨਸ਼ਾ
ਹੈ ਏਨਾ ਮਨ ਚੜ੍ਹਿਆ ਕਿ ਪੁੱਛੋ ਨਾ ।
ਬੱਸ ਰਟਦਾ ਜਾਂਦੈ :
ਸਤਿਨਾਮ ਕਾਟੋ !
ਸ਼ਿਵ ਓਮ ਕਾਟੋ !
ਸਤਿ ਨਾਮ ਕਾਟੋ !
ਸ਼ਿਵ ਓਮ ਕਾਟੋ !
ਵਾਹੇਗੁਰੂ ਕਾਟੋ !
ਰਾਮ ਰਾਮ ਕਾਟੋ !
ਅੱਲਾ ਅੱਲਾ ਕਾਟੋ !
ਸਤਿਨਾਮ ਕਾਟੋ !
ਸ਼ਿਵ ਓਮ ਕਾਟੋ !
ਹਾਲੇ ਲੂਲੀਆ ਕਾਟੋ !
ਲੈਨਿਨ ਕਾਟੋ !
ਗਾਂਧੀ ਕਾਟੋ !
ਧਨੀ ਰਾਮ ਕਾਟੋ !
ਅਮਰਿਤਾ ਕਾਟੋ !
ਅਣਖੀ ਕਾਟੋ !
ਮੂਲੀਆਂ ਕਾਟੋ !
ਸੰਤਰੇ ਕਾਟੋ !
ਬੈਂਗਣ ਕਾਟੋ !
ਤੂੰ ਵੀ ਕਾਟੋ !
ਮੈਂ ਵੀ ਕਾਟੋ !
ਕਾਟੋ ! ਕਾਟੋ ! ਕਾਟੋ ! ਕਾਟੋ !
ਹਾਏ ਓਏ ਰੱਬਾ !
ਤੂੰ ਸੱਚੀਂ ਸਾਨੂੰ ਪਾਗਲ ਹੀ ਤਾਂ ਕਰ ਦਿੰਨਾ

ਤੇ ਆਪ ਤਮਾਸ਼ਾ ਦੇਖਣ ਲਈ
ਕਿਸੇ ਰੁੱਖ 'ਤੇ ਚੜ੍ਹ ਕੇ ਜਾ ਬਹਿਨਾ
ਤੇ ਹੇਠਾਂ ਅਸੀਂ ਖਲੋਤੇ
ਹੱਥ ਜੋੜੀ ਰਟਦੇ ਰਹਿੰਦੇ ਹਾਂ :
ਕਾਟੋ ! ਕਾਟੋ ! ਕਾਟੋ !

7/11/13 { 1:30 ਦੁਪਿਹਰ

ਰਾਤ ਦੇਵੀ ਦੇ ਮੰਦਿਰ ਵਿਚ

ਰਾਤ ਦੇਵੀ ਦਾ ਮੰਦਿਰ ਖੁਲ੍ਹਿਆ
ਡੱਡੂ ਤੇ ਝੀਂਗਰਾਂ ਮਹਿਮਾਂ ਗਾਈ ।

ਸਬਜ ਜੰਗਲ ਦੀ ਸੁੱਤੀ ਦੁਨੀਆਂ
ਜਾਗੀ ਤੇ ਬਾਹਰ ਆਈ ।

ਨਦੀਆਂ ਕੰਨੀ ਤੁਰੇ ਕਾਫ਼ਲੇ
ਰਾਤ ਦੇ ਰਾਹੀਆਂ ਤ੍ਰੇਹ ਮਿਟਾਈ ।

ਮਹਿਕ ਨਚੋੜ ਕੇ ਫੁੱਲ ਸਮੁੱਚੇ
ਪੌਣਾਂ ਵਿਚ ਕੀਤੀ ਛਿੜਕਾਈ ।

ਬਲ ਬਲ ਉੱਠੇ ਤਾਰੇ ਲਹਿਰਾਂ ਵਿਚ
ਅਰਸ਼ਾਂ ਬਿੰਦੀ ਚੰਨ ਦੀ ਲਾਈ ।

ਖਿੱਤੀਆਂ ਕਿੱਕਲੀ ਪਾ ਕਮਲੀਆਂ ਹੋਈਆਂ
ਇਸ਼ਕ ਦੀ ਬੇਲਾ ਸਿਖਰ 'ਤੇ ਆਈ ।

ਤੱਕਦੀ ਕੋਈ ਪੀੜ ਪਰੁੰਨੀ ਹੋਈ
ਵੇਲਾਂ ਲਿਪਟੀ ਤੇ ਸੁਪਨਿਆਂ ਜਾਈ ।

ਆਸ਼ਕ, ਜੰਗਲ, ਰਾਤ ਦੇ ਰਾਹੀ
ਸਜਿਆ ਅੰਬਰ, ਮਹਿਕ ਤੇ ਕਾਈ ।

ਇਹ ਰਾਤ- ਸ੍ਰਿਸ਼ਟੀ ਸ਼ਰਨ 'ਚ ਆਈ
ਲੈ ਇੱਕੋ ਅਰਜੋਈ

ਕਿ ਆਬਾਦ ਰਹੇ ਇਹ ਰਾਤ ਦੀ ਦੁਨੀਆਂ
ਜ਼ਿੰਦਗੀ ਤੇ ਖੁਸ਼ੀਆਂ ਦੀ ਦੁਨੀਆਂ
ਪਿਆਰ ਤੇ ਉਮੀਦ ਦੇ ਦੁਨੀਆਂ
ਹਿਫ਼ਾਜ਼ਿਤ ਦੀ ਦੁਨੀਆਂ ।
ਤੇ ਖੁੱਲ੍ਹਿਆ ਰਹੇ ਕਿਆਮਤ ਤਕ
ਇਹ ਰਾਤ ਦੀ ਦੇਵੀ ਦਾ ਮੰਦਿਰ ।

7/11/13 { 5:45 ਸ਼ਾਮ

ਮੈਂ ਓਹ ਬੱਤਖ

ਮੈਂ ਓਹ ਬੱਤਖ
ਜੀਹਨੇ ਮਾਂ ਦੇ ਪਿੱਛੇ ਨਹੀਂ
ਅੱਗੇ ਤੈਰਨਾ ਸਿੱਖਿਆ ਸੀ ।
ਲਹਿਰਾਂ ਨਾਲ ਖੇਡਦੀ
ਖ਼ਤਰਿਆਂ ਨੂੰ ਮਾਪਦੀ
ਉੱਡਦੀ ਇੱਕ ਝੀਲ ਤੋਂ ਦੂਜੀ ਵੱਲ
ਇੱਕ ਪ੍ਰਾਂਤ ਤੋਂ ਦੂਜੇ ਵੱਲ
ਮੌਸਮਾਂ ਦੀ ਤਾਸੀਰ
ਮੇਰੇ ਇਰਾਦੇ ਜਾਣਦੇ
ਖਤਰਿਆਂ ਦੀ ਜ਼ਮੀਰ
ਪਹਿਚਾਣਦੇ
ਤੇ ਜ਼ਿੰਦਗੀ ਨੂੰ ਮਾਣਦੇ ।

7/12/13 { 12:00 ਦੁਪਿਹਰ

ਸਿਰ ਨਾ ਖਾਹ

ਸੱਤ ਓਮ, ਸ਼ਿਵ ਓਮ, ਸੁੰਦਰ ਓਮ
ਸੱਤ ਕੀ ? ਸ਼ਿਵ ਕੀ ? ਸੁੰਦਰ ਕੀ ?
ਐਵੇਂ ਪੁੱਛ ਕੇ ਸਿਰ ਨਾ ਖਾਹ !
ਸਾਨੂੰ ਕੀ ਪਤਾ !!!
ਫੇਰ ਫ਼ਿਲਮ ਕਿਓਂ ਦੇਖੀ ਸੀ ?
ਓਹ ਤਾਂ ਜੀਨਤ ਅਮਾਨ ਦੇ ਅੱਧ-ਕੱਪੜਿਆ ਕਰਕੇ ਦੇਖ ਲਈ ਸੀ ।
ਹੋਰ ਕਿਓਂ ?
ਓਦਣ ਕੰਟੀਨ 'ਤੇ ਪਕੌੜਿਆਂ ਨਾਲ
ਚਾਹ ਬੜੀ ਸੁਆਦੀ ਲੱਗੀ ਸੀ...
ਹਾ ! ਹਾ ! ਹਾ !

7/12/13 { 3:30 ਸ਼ਾਮ

ਚੁੱਟਕੀ ਨਾਲ

ਜੰਮਣ 'ਤੇ,
ਚੁੱਟਕੀ ਨਾਲ,
ਓਹ ਰਿੜ੍ਹਣ ਲੱਗੀ ਤੇ ਵੱਡੀ ਹੋਈ
ਚੁੱਟਕੀ ਨਾਲ,
ਓਹ ਸੂਫ਼ ਦੀ ਸੁੱਥਣ
ਤੇ ਛੀਟ ਦੀ ਕੁੜ੍ਹਤੀ ਪਾ
ਸੱਥ 'ਚੋਂ ਲੰਘੀ ।
ਚੁੱਟਕੀ ਨਾਲ,
ਓਹ ਵਿਆਹੀ ਗਈ ਤੇ ਮਾਂ ਬਣੀ ।
ਚੁੱਟਕੀ ਨਾਲ,
ਓਹ ਬੁੱਢੀ ਹੋਈ ।
ਚੁੱਟਕੀ ਨਾਲ,
ਓਹ ਅਲੋਪ ਹੋ ਗਈ ।

7/13/13 { 10:40 ਸਵੇਰ

ਕੱਚੇ ਰੰਗ

ਬਹੁਤ ਭੁਲੇਖੇ ਪਾ ਦਿੰਦੇ ਹਨ ਕੱਚੇ ਰੰਗ ਵੀ
ਸੂਰਜ ਕਿਰਨਾ ਬਣ ਸਜ ਜਾਂਦੇ
ਸਤਰੰਗੀ ਬਣ ਅਸਮਾਨੇ ਚੜ੍ਹ ਜਾਂਦੇ ।
ਸੁਪਨਿਆਂ ਵਿਚ ਤੁਸੀਂ ਝੂਟਦੇ ਇਹ
ਤਾਰੇ ਤੋੜ ਲਿਆਉਂਦੇ ਹੋਂ
ਤੇ ਲੀੜੇ ਰੰਗ ਜਿਸਮ ਨੂੰ ਸਜਾਉਂਦੇ ਹੋਂ
ਇੰਜ ਰੰਗਾਂ ਦਾ ਜਸ਼ਨ ਮਨਾਉਂਦੇ
ਖੁਸ਼ੀਆਂ ਦਾ ਜਸ਼ਨ ਮਨਾਉਂਦੇ ਹੋਂ ।
ਰੰਗਿਆ ਜਾਂਦਾ ਦਿਲ ਤੁਹਾਡਾ ਇਨ੍ਹਾਂ ਰੰਗਾਂ ਵਿਚ
ਖੇਡੇ ਖਾਹਿਸ਼ ਲੀਲਾ ਇਨ੍ਹਾਂ ਰੰਗਾਂ ਵਿਚ ।
ਨਹੀਂ ਦੀਹਦਾ ਤੁਹਾਨੂੰ ਕੁੱਝ ਹੋਰ ਇਨ੍ਹਾਂ ਤੋਂ ਇਲਾਵਾ
ਨਹੀਂ ਸੋਚ ਹੁੰਦਾ ਤੁਹਾਥੋਂ ਕੁੱਝ ਹੋਰ ਇਨ੍ਹਾਂ ਤੋਂ ਇਲਾਵਾ
ਬੱਸ, ਰੰਗ ਹੀ ਰੰਗ--ਰੰਗ ਹੀ ਰੰਗ ।

ਪਰ, ਇੱਕ ਦਿਨ, ਪਾਣੀ ਲੱਗਦਿਆਂ ਖੁਰ ਜਾਂਦੇ ਨੇ ਸਾਰੇ ਰੰਗ
ਤੇ ਹਰ ਸ਼ੈਅ, ਅਚਾਨਕ, ਹੋ ਜਾਂਦੀ ਹੈ ਬੇ-ਰੰਗ ।
ਹਵਾਕ ਖਲੋਤੇ, ਤੇ ਸ਼ਾਕ ਗ਼ਮੇ ਤੁਸੀਂ ਵੇਹਦੇ ਹੀ ਰਹਿ ਜਾਂਦੇ ਹੋਂ
ਤੇ ਸੋਚਦੇ ਹੀ ਰਹਿ ਜਾਂਦੇ ਹੋਂ...
ਦੇਰ ਲੱਗਦੀ ਹੈ ਇਹ ਮੰਨਣ ਨੂੰ
ਕਿ ਕੱਚੇ ਰੰਗਾਂ ਨੇ ਖੁਰਨਾ ਹੀ ਤਾਂ ਹੁੰਦਾ ਹੈ
ਖੁਰਨਾ ਹੀ ਤਾਂ ਹੁੰਦਾ ਹੈ ।

7/13/13 { 10:00 ਰਾਤ

ਪਿਆਰ

ਛਨਕਣਿਆਂ ਨਾਲ ਖੇਡਦਾ ਬੱਚਾ
ਪਹਿਲਾ ਸੁੱਟ ਕੇ ਦੂਜਾ ਚੁੱਕਦੈ
ਇਹਦੇ ਨਾਲ ਹੱਸਦਾ, ਟੱਪਦਾ
ਚਾਂਘਰਾਂ ਪਾਉਂਦੈ
ਫ਼ਿਰ ਇਹਦੇ ਤੋਂ ਅੱਕ ਜਾਂਦੈ
ਤੇ ਇਹਨੂੰ ਸੁੱਟ ਕੇ
ਫ਼ਿਰ ਪਹਿਲੇ ਵਾਲਾ ਚੁੱਕ ਲੈਦੈ ।

ਵਿਚਾਰੇ ਛਣਕਨੇ.।
ਵਿਚਾਰੇ ਛਣਕਨੇ..

7/17/13 { 9:50 ਰਾਤ

ਇਹ ਰਾਤ ਵੀ

ਬਾਹਰ, ਅਸਮਾਨ ਦੀ ਨੀਲੀ ਝੀਲ ਵਿਚ, ਤੈਰਦਾ ਚੰਨ
ਅੰਦਰ, ਉਦਾਸੀ ਦੀ ਸਿਆਹ ਝੀਲ ਵਿਚ, ਡੁੱਬਦਾ ਦਿਲ
ਪਰ ਕੋਈ ਨਹੀਂ
ਇਹ ਰਾਤ ਵੀ ਕੱਟ ਜਾਏਗੀ
ਇੱਕ ਜ਼ਿੰਦਗੀ ਦੀ ਤਰ੍ਹਾਂ...
ਉਸ ਰਾਤ ਤੱਕ ਜਦ ਅਗਲੀ ਰਾਤ ਨਹੀਂ ਆਏਗੀ...

7/17 / 13 { 9:50 ਰਾਤ

ਗ੍ਰੰਥ ‘ਜਲ ਅੰਦਰ’ ਦੇ ਸ਼ਰਧਾਲੂ

ਓ ਭਾਈ, ਹੈਗੇ ਡੱਡੂ ਤੇ ਮੱਛੀਆਂ ਦੇ ਵੀ ਗੁਰਦਵਾਰੇ ਤੇ ਮੰਦਿਰ
ਛੱਪੜ, ਖੂਹ, ਦਰਿਆ, ਝੀਲਾਂ ਤੇ ਸਮੁੰਦਰ
ਜਿੱਥੇ ਪਾਣੀ ਦੇ ਵਰਕਿਆਂ ’ਤੇ
’ਵਾ-ਸਿਆਹੀ ਲਿਖਦੀ ਹੈ ਗ੍ਰੰਥ ‘ ਜਲ ਅੰਦਰ ’
ਤੇ ਕਾਂ, ਕੁੱਤੇ ਤੇ ਇੱਲ-ਬਲਾਵਾਂ ਤੋਂ
ਬਚਦੇ ਓਹ ਲੈਂਦੇ ਨੇ ਰਸਤੇ ਇਹਦੇ ਤੋਂ ।

ਤੁਸੀਂ ਆਪਣੀ ਸਿਆਣਪ ਵਿਚ ਫੁੱਲੇ ਫਿਰਦੇ ਹੋਂ
ਕਿ ਰੱਬ ਬੈਠਾ ਹੈ ਤੁਹਾਡੀ ਜੇਬ੍ਹ ਅੰਦਰ
ਪਰ ਭਾਈ, ਕਦੇ ਸੋਚਿਆ ਕਿ ਸ਼ਾਇਦ,
ਹੋਣ ਇਹ ਜੀ-ਜੰਤੂ ਤੁਹਾਡੇ ਵੀ ਸਿਕੰਦਰ ?
ਤੇ ਰੱਬ ਇਨ੍ਹਾਂ ਦੀ ਘਨ੍ਹੇੜੀ ਬੈਠਾ
ਪਾਣੀ ’ਚ ਛਲਾਂਗਾਂ ਲਾਉਂਦਾ ਹੋਵੇ
ਤੇ ਤੁਹਾਡੇ ਕੋਲੋਂ ਡਰਦਾ ਹੋਵੇ ?
ਜੇਬ੍ਹ ਦੀ ਕੈਦ, ਭਲਾ ਕੌਣ ਹੈ ਚਾਹੁੰਦਾ !

7/19/13 { 12:5 ਰਾਤ

ਜਾਣ ਤੋਂ ਪਹਿਲਾਂ

ਇੰਜ ਲੱਗਦਾ ਜਿਵੇਂ ਕੁੱਝ ਲੋਕ
ਆਪਣੀ ਕਿਸਮਤ ਨਾਲ ਖੇਡਣ ਲਈ ਹੀ ਜੰਮਦੇ ਨੇ
ਹਾਰ, ਬਾਰ ਬਾਰ ਡਿੱਗ ਜਾਂਦੇ
ਫ਼ਿਰ ਉੱਠਦੇ ਨੇ
ਫ਼ਿਰ ਡਿੱਗਦੇ
ਫ਼ਿਰ ਉੱਠਦੇ...
ਅਖ਼ੀਰ 'ਤੇ, ਮੁੱਕ ਜਾਂਦੀ ਹੈ ਇਹ ਖੇਡ ਵੀ
ਤੇ ਸਿਰਜਿਆ ਕੋਈ ਭੁਲੇਖਾ ਵੀ
ਤੇ ਓਹ ਸੋਚਦੇ ਨੇ :
ਏਥੇ ਕੀਹਦੀ ਜਿੱਤ ?
ਤੇ ਕੀਹਦੀ ਹਾਰ ?
ਮੈਨੂੰ ਰੋਣ ਦੀ ਕੀ ਲੋੜ ਸੀ ?
ਕਿੱਡੀ ਫ਼ਜ਼ੂਲ ਜਹੀ ਇਹ ਖੇਡ ਸੀ !

ਕਿਸਮਤ ਦੇ ਇਨ੍ਹਾਂ ਖਿਡਾਰੀਆਂ 'ਚੋਂ ਇੱਕ ਓਹ ਵੀ
ਜੋ ਅੱਜ, ਜਾਣ ਤੋਂ ਪਹਿਲਾਂ
ਏਸ 'ਤੇ, ਹੱਸਣਾ ਚਾਹੁੰਦਾ ਹੈ
ਪਰ ਦੁਆਲੇ ਰੋਂਦੇ ਲੋਕਾਂ ਨੂੰ ਵੇਖ
ਓਹ ਵੀ ਕੁੱਝ ਉਦਾਸ ਹੈ ।
ਆਖਿਰ, ਵਰ੍ਹਿਆਂ ਦਾ ਸਾਥ ਸੀ
ਜੋ ਦੇਖਦਿਆਂ ਹੀ ਮੁੱਕ ਗਿਆ ?
ਓਹ ਅਲਵਿਦਾ ਕਹਿਣਾ ਚਾਹੁੰਦਾ ਹੈ
ਪਰ ਜ਼ੁਬਾਨ ਰੁੱਕੀ ਹੈ
ਖੌਰੇ ਕਿਓਂ, ਹੱਥ ਵੀ ਨਹੀਂ ਉੱਠਦਾ ਹੈ ।
ਰੋਸ਼ਨੀ ਹੈ ਜਾਂ ਹਨੇਰਾ ?
ਪਤਾ ਨਹੀਂ ।

ਓਹ ਜਾ ਚੁੱਕਾ ਹੈ...

7/20/13 { 2:00 ਬਾਦ ਦੁਪਿਹਰ

ਦੇਸੀ ਮੁੰਡਾ

ਸੱਜੇ ਗੁੱਟ, ਸੋਨੇ ਦਾ ਕੜਾ
ਖੱਬੇ, ਸੋਨੇ ਦੀ ਘੜੀ ਤੇ ਮੁੰਦਰੀ
ਰੋਡੇ ਸਿਰ ਉਨਾਭੀ ਪੱਗ
ਹਫ਼ਤੇ ਦੀ ਦਾਹੜੀ
ਧਾਰੀਆਂ ਵਾਲੀ ਅਸਮਾਨੀ ਪੋਲੀਐਸਟਰ ਦੀ ਕਮੀਜ਼
ਉੱਤੇ ਬਿਸਕੁਟ ਰੰਗਾ ਸਪੋਰਟਸ ਕੋਟ
ਕਾਲਰ ਤੋਂ ਚਮਕੇ ਸੋਨੇ ਦੀ ਸੰਗਲੀ
ਨੀਲੀ ਜੀਨਜ਼ ਤੇ ਖੁੱਸਾ ਪਾਈ
ਇਹ ਸਭ ਨਾਲ ਟੌਹਰ ਬਣਾਈ
ਕਿਸੇ ਅਮਰੀਕੀ ਮਾਲ 'ਚ ਤੁਰਿਆ ਜਾਵੇ
ਪੰਜ ਆਬ ਦੀ ਮਾਡਲਿੰਗ ਕਰਦਾ
ਇੱਕ ਬੜਾ ਸ਼ੁਕੀਨ, ਦੇਸੀ ਮੁੰਡਾ ।

7/20/13 { 7:20 ਸ਼ਾਮ

ਅੱਜ ਫ਼ਿਰ

ਅੱਜ ਫ਼ਿਰ, ਕਦਮ ਰੁਕੇ ਰੁਕੇ
ਅਹਿਸਾਸ ਬੁਝੇ ਬੁਝੇ
ਸੋਚ ਸੁੰਨ
ਸ਼ਬਦ ਅਸਮੱਰਥ ਕੁੱਝ ਕਹਿਣ ਤੋਂ ।
ਨਹੀਂ, ਮੈਨੂੰ ਪਤਾ ਨਹੀਂ
ਸਚ ਕੀ ਸੀ ?
ਤੇ ਝੂਠ ਕੀ ?
ਜ਼ਿੰਦਗੀ ਆਪਣੇ ਆਪ ਵਿਚ ਹੀ
ਇੱਕ ਮਜ਼ਾਕ ਹੈ
ਪਤਾ ਨਹੀਂ
ਇਹਦਾ ਸਚ ਕੀ ?
ਤੇ ਝੂਠ ਕੀ ?
ਖੋਰੇ ਕੌਣ ਕਸੂਰਵਾਰ ਸੀ ?
ਤੇ ਕੌਣ ਬੇਕਸੂਰ ਸੀ ?
ਮੈਨੂੰ ਪਤਾ ਨਹੀਂ
ਮੈਨੂੰ ਕੁੱਝ ਵੀ ਪਤਾ ਨਹੀਂ ।
ਜੋ ਪਤਾ ਓਹ ਇਹ ਕਿ
ਕੋਈ ਸ਼ੋਖ ਰੰਗਾਂ ਦਾ ਬਾਜ਼ਾਰ ਸੀ
ਤੇ ਮੈਂ ਉਨ੍ਹਾਂ ਰੰਗਾਂ ਨਾਲ ਖੇਡ ਰਹੀ ਸਾਂ
ਹੱਸ ਰਹੀ ਸਾਂ ।
ਉਦੋਂ ਹੀ, ਕਿਸੇ ਨੇ ਕੰਨ ਵਿਚ ਕੁੱਝ ਆਖਿਆ
ਤੇ ਸਾਰੇ ਹੀ ਰੰਗ ਡੁਲ੍ਹ ਗਏ ।
ਪਤਾ ਨਹੀਂ ਓਹ ਕੌਣ ਸੀ ?
ਪਤਾ ਨਹੀਂ ਓਹ ਕੀ ਚਾਹੁੰਦੀ ਸੀ ?
ਬੱਸ ਯਾਦ ਹੈ ਏਨਾ ਕਿ
ਓਸ ਤੋਂ ਪਿੱਛੋਂ

ਨਾ ਰੰਗ ਸੀ, ਨਾ ਖੁਸ਼ੀ ਸੀ ਤੇ ਨਾ ਬਾਜ਼ਾਰ
ਓਹ ਸਭ ਕੁੱਝ ਹੀ ਲੈ ਕੇ ਚਲੀ ਗਈ ਸੀ
ਤੇ ਮੈਂ, ਸੁੰਨ, ਹੈਰਾਨ ਤੇ ਚੁੱਪ ।
ਅੱਜ ਫ਼ਿਰ, ਕਿਓਂ ਸੋਚ ਰਹੀ ਹਾਂ ਓਹਦਾ !
ਹਾਂ, ਕਿਓਂ ਸੋਚ ਰਹੀ ਹਾਂ ਓਹਦਾ ! ?

7/22/13 { 9:20 ਰਾਤ

ਓ ਰਾਹੀ

ਚਾਂਦਨੀ ਦਾ ਦੁਪੱਟਾ ਓਹੜੀ
ਇੰਜ ਖਿੜੀ ਹੈ ਰਾਤ ਦੀ ਰਾਣੀ
ਕਿ ਚੜ੍ਹ ਆਈ ਹੈ ਭਰ ਜਵਾਨੀ
ਪਰ ਮਹਿਕਾਂ ਦੁਆਲੇ ਨਾਗਾਂ ਦਾ ਪਹਿਰਾ
ਮੌਤ ਦਾ ਪਹਿਰਾ
ਤੂੰ ਸੋਚ ਕੇ ਕਦਮ ਉੱਠਾ ਓ ਰਾਹੀ
ਸੋਚ ਕੇ ਕਦਮ ਉੱਠਾ ।
ਬਹੁਤ ਛਲਾਵੇ ਪਲ ਪਲ ਏਥੇ
ਜਾਦੂ-ਟੂਣੇ ਹਰ ਥਾਂ ਏਥੇ
ਮਚਦੀਆਂ ਅੱਗਾਂ, ਸਾੜੇ ਏਥੇ
ਤੂੰ ਬੋਚ ਕੇ ਕਦਮ ਉੱਠਾ ਓ ਰਾਹੀ
ਬੋਚ ਕੇ ਕਦਮ ਉੱਠਾ ।
ਇਹ ਜੋ ਲੱਗੇ ਸੋਹਣਾ ਮੋਹਣਾ
ਨਿਖਰਿਆ, ਟਹਿਕਿਆ ਤਨ-ਮਨ ਖੋਹਣਾ
ਸ਼ਾਇਦ ਹੋਵੇ ਕੋਈ ਜਾਲ ਭਰਮ ਦਾ
ਤੂੰ ਐਵੇਂ ਨਾ ਫਸ ਜਾਹ ਓ ਰਾਹੀ
ਐਵੇਂ ਨਾ ਫਸ ਜਾਹ ।
ਰੱਖ ਲੈ ਖਾਹਿਸ਼ਾਂ ਪਾ ਲਗਾਮ
ਨਾ ਬਣ ਇਨ੍ਹਾਂ ਦਾ ਗੁਲਾਮ
ਮੁੜ ਜਾ ਆਪਣੇ ਰਾਹ ਓ ਰਾਹੀ
ਮੁੜ ਜਾ ਆਪਣੇ ਰਾਹ ।

7/23/13 { 11:25 ਰਾਤ

ਇਹ ਰੋਬਾਟ ਬੰਦੇ

ਪੱਥਰਾਂ ਦੀ ਬਸਤੀ ਵਿਚ ਫੁੱਲ ਨੇ ਰੋਦੇ
ਅਹਿਸਾਸ ਤੋਂ ਸੱਖਣੇ ਵਸਦੇ ਏਥੇ ਰੋਬਾਟ ਬੰਦੇ
ਰੰਗ ਮਹਲ ਦਿਖਾਲ ਕੇ ਗਲ ਪਾਉਦੇ ਫੰਦੇ
ਤੁਹਾਡੀਆਂ ਖੁਸ਼ੀਆਂ ਤੇ ਚੈਨ ਨੂੰ ਲਾ ਦਿੰਦੇ ਜਿੰਦੇ
ਫ਼ਿਰ ਚੜ੍ਹ ਚੁਬਾਰੇ ਮਾਨਵਤਾ ਦਾ ਹੋਕਾ ਦਿੰਦੇ
ਇਹ ਰੋਬਾਟ ਬੰਦੇ ।
ਕੱਲ ਸਨ ਹੋਰ
ਤੇ ਅੱਜ ਨੇ ਹੋਰ
ਮਨ ਮਰਜੀ ਦੀ ਖਿੱਚ ਕੇ ਡੋਰ
ਵਜਾਉਦੇ ਢੋਲ
ਕੱਠਪੁਤਲੀਆਂ ਨੂੰ ਖ਼ੂਬ ਨੱਚਾਉਦੇ
ਇਹ ਰੋਬਾਟ ਬੰਦੇ ।
ਵਾਹਵਾ ਜਾਣਦੇ ਮਜਮਾ ਲਾਉਣਾ
ਦਲੀਲਾਂ ਨਾਲ ਹੱਥ ਸਰੋਂ ਜਮਾਉਣਾ
ਦੁਨੀਆਂ ਦਾ ਦਿਲ ਪ੍ਰਚਾਉਣਾ
ਬਗਲ 'ਚ ਛੁਰੀ ਤੇ ਮੂੰਹ ਰੱਬ-ਲੋਰ
ਇਹੋ ਇਨ੍ਹਾਂ ਦੇ ਅਸਲੀ ਧੰਦੇ
ਇਹ ਰੋਬਾਟ ਬੰਦੇ ।
ਕੌਣ ਕਰੇ ਬੇਨਕਾਬ ਇਨ੍ਹਾਂ ਨੂੰ !
ਕੌਣ ਦਏ ਜਵਾਬ ਇਨ੍ਹਾਂ ਨੂੰ !
ਇਹ ਰਾਜੇ ਤੇ ਕੱਠਪੁਤਲੀ ਪਰਜਾ
ਜਣਾ-ਖਣਾ ਇਨ੍ਹਾਂ ਤੋਂ ਡਰਦਾ
ਆਪਣਾ ਲੋਹਾ ਮਨਾ ਕੇ ਛੱਡਦੇ
ਲੋਕਾਂ ਨੂੰ ਉੱਲੂ ਬਣਾ ਕੇ ਛੱਡਦੇ
ਹੁਸ਼ਿਆਰੀ ਦੇ ਧਨੀ ਕਰਿੰਦੇ
ਇਹ ਰੋਬਾਟ ਬੰਦੇ ।

ਸਭ ਨੂੰ ਲੈ ਬਹਿੰਦੀ ਮਾਰ ਇਨ੍ਹਾਂ ਦੀ
ਚਿਕਨੀ-ਚੋਪੜੀ ਬਾਤ ਇਨ੍ਹਾਂ ਦੀ
ਬੰਦਿਆਂ ਨੂੰ ਬਣਾ ਕੇ ਭੇਡਾਂ
ਕਰਦੇ ਨੇ ਜੰਤਾ ਨੂੰ ਚਹੇਡਾਂ
ਸੱਚ ਤੇ ਈਮਾਨ ਨੂੰ ਉਲਟਾ ਨੇ ਦਿੰਦੇ
ਇਹ ਰੋਬਾਟ ਬੰਦੇ ।
ਰੱਬਾ ਮੇਰੇ 'ਤੇ ਮਿਹਰ ਕਰੀਂ ਤੂੰ
ਮੈਨੂੰ ਇਨ੍ਹਾਂ ਤੋਂ ਦੂਰ ਰਖੀਂ ਤੂੰ
ਨਹੀਂ ਚਾਹੀਂਦੀ ਮੈਨੂੰ ਇਨ੍ਹਾਂ ਦੀ ਸੰਗਤ
ਨਾ ਚੜ੍ਹਨ ਦਈਂ ਮੇਰੇ 'ਤੇ ਇਨ੍ਹਾਂ ਦੀ ਰੰਗਤ
ਸ਼ੈਤਾਨ ਦੀ ਕੁੰਜੀ ਇਹ ਦਰਿੰਦੇ
ਇਹ ਰੋਬਾਟ ਬੰਦੇ ।

7/24/13 { 10:15 ਰਾਤ

ਘਟੀਆ ਕਾਪੀ

ਕੀ ਹੈ ਇਹ ਦੁਨੀਆਂ !
ਸੱਤ ਬਿਲੀਅਨ ਬੰਦਿਆਂ ਦੀ ਦੁਨੀਆਂ
ਆਦਮ ਤੇ ਈਵ ਦੀ ਘਟੀਆ ਕਾਪੀ
ਰੱਬ ਵੱਲੋਂ ਰੱਦ ਕੀਤੀ ਕਾਪੀ
ਹਿੰਸਕ, ਮੂਰਖ ਤੇ ਲਾਈ-ਲੱਗ
ਜੀਹਨੂੰ ਸ਼ਾਂਤੀ ਤੇ ਪਿਆਰ ਦਾ ਨਾ ਕੋਈ ਚੱਜ
ਤੇ ਜੀਹਨੂੰ ਵੰਡਾਂ ਪਾ ਤੇ ਅੱਗਾਂ ਲਾ ਨਾ ਆਉਂਦਾ ਰੱਜ
ਜੀਹਨੇ ਈਸਾ, ਸ਼ਿਵ, ਨਾਨਕ ਤੇ ਅੱਲਾ ਨੂੰ ਦਿੱਤਾ ਏ ਤੱਜ
ਤੇ ਛਿੱਕੇ ਟੰਗਿਆ ਹੱਜ ।
ਚੱਲ ਮਨਾ ਕਿਸੇ ਜੰਗਲ ਵਿਚ
ਕਿਸੇ ਰੁੱਖ ਨਾਲ ਗੱਲਾਂ ਕਰੀਏ
ਤੇ ਓਹਦੇ ਸਾਥ 'ਚ ਕੁੱਝ ਪਲ ਬਹਿ ਕੇ
ਏਥੋਂ ਤੁਰਦੇ ਬਣੀਏਂ ।

7/20/13 { 9:00 ਰਾਤ

ਇਹ ਓਹਦੀ ਜ਼ਿੰਦਗੀ ਹੈ

ਕਿਲ੍ਹੇ ਉਸਾਰ ਕੇ ਹੱਸਣਾ
ਤੇ ਢਾਹ ਕੇ ਰੋਣਾ
ਓਹਦੀ ਆਦਤ ਹੈ
ਜ਼ਿੰਦਗੀ ਹੈ ।
ਜੋ ਮੱਤਾਂ ਦਿੰਦੇ ਹੋ ਓਹਨੂੰ
ਓਹ ਓਹਦੇ ਪੋਟਿਆਂ 'ਤੇ ਨੇ
ਆਪਣੀਆਂ ਚਿੰਤਾਵਾਂ ਸਾਂਭੋ
ਤੇ ਓਹਨੇ ਜੋ ਕਰਨਾ ਓਹ ਕਰਨ ਦਿਓ ।
ਓਹਦੇ ਹੱਸਣ ਤੇ ਓਹਦੇ ਰੋਣ ਨਾਲ ਤੁਹਾਨੂੰ ਕੀ
ਓਹ ਤਾਂ ਆਈ ਹੀ ਆਪਣੀ ਮਰਜ਼ੀ ਕਰਨ ਸੀ
ਇੰਜ ਹੀ ਜੀਣ ਤੇ ਮਰਨ ਸੀ ।
ਬਿਹਤਰ ਹੈ ਤੁਸੀਂ ਆਪਣੇ ਰਸਤੇ ਜਾਓ
ਮੌਜ ਮਨਾਓ
ਉੱਚੀਆਂ, ਡੂੰਘੀਆਂ ਗੱਲਾਂ ਨਾਲ ਦੁਨੀਆਂ ਭਰਮਾਓ
ਤੇ ਓਹਨੂੰ ਓਹਦੇ ਰਸਤਿਆਂ 'ਤੇ ਫਿਰਨ ਦਿਓ ।
ਆਪੇ , ਇੱਕ ਦਿਨ, ਜਦ ਜੀ ਕੀਤਾ
ਤੁਹਾਡੀਆਂ ਨਜ਼ਰਾਂ ਤੋਂ ਵੀ ਹਟ ਜਾਏਗੀ ।
ਫ਼ਿਲਹਾਲ, ਓਹਨੂੰ ਓਹਦੇ ਕਿਲ੍ਹੇ ਉਸਾਰ ਕੇ ਹੱਸਣ ਦਿਓ
ਤੇ ਢਾਹ ਕੇ ਰੋ ਲੈਣ ਦਿਓ ।
ਓਹ ਤੁਹਾਡੇ ਵਾਂਗ ਕੋਈ ਵੱਡੀਆਂ ਮੱਲਾਂ ਮਾਰਨ ਨਹੀਂ
ਬੱਸ ਇੰਜ ਹੀ ਜੀਣ ਲਈ ਆਈ ਸੀ ।
ਏਸ ਲਈ, ਜਾਓ ਤੇ ਆਪਣੇ ਕੰਮ ਕਰੋ
ਦੁਨੀਆਂ ਦਾ ਤੇ ਆਪਣਾ ਕਲਿਆਣ ਕਰੋ
ਤੇ ਓਹਨੂੰ ਓਹਦੀ ਮਰਜ਼ੀ ਨਾਲ
ਜੀਣ ਦਿਓ ਤੇ ਮਰਨ ਦਿਓ !

7/26/13 { 10:15 ਸਵੇਰ

ਮੈਂ ਸਿਧਾਰਥ ਦੇ ਰਸਤੇ ਜਾਣਾ ਹੈ

ਹੱਥ 'ਤੇ ਅਟਕ ਗਈ ਇਹ ਬੂੰਦ
ਨਿਰਮਲ ਹੈ, ਪਵਿੱਤਰ ਹੈ
ਸੁੰਦਰ ਹੈ ।
ਪਰ ਇਹਦੀ ਅਨਿਸ਼ਚਿਤਾ ਤੋਂ
ਮਨ ਦੁਖੀ ਹੈ
ਉਲਝਿਆ ਹੈ
ਤੇ ਫ਼ਿਕਰ 'ਚ ਹੈ ।
ਡਰ ਹੈ ਇਹਦੇ ਸੁੱਕ ਜਾਣ ਦਾ
ਵਹਿ ਜਾਣ ਦਾ
ਤੇ ਕੋਈ ਬਣਿਆਂ ਰਿਸ਼ਤਾ ਮੁੱਕ ਜਾਣ ਦਾ ।

ਕੀ ਕਰੇ ਕੋਈ ਓਸ ਖਜ਼ਾਨੇ ਨੂੰ ਵੀ ?
ਜੋ ਕੀਮਤੀ ਹੋ ਕੇ ਫ਼ਿਕਰ ਬਣੇ
ਤੇ ਬੋਝ ਬਣੇ ।
ਇਹ ਫ਼ਿਕਰ ਅੱਜ ਹੀ ਮੁੱਕ ਜਾਵੇ
ਇਹ ਬੋਝ ਅੱਜ ਹੀ ਲਹਿ ਜਾਵੇ
ਤੇ ਮੈਨੂੰ ਮੁਕਤ ਕਰੇ ।

ਮੈਂ ਸਿਧਾਰਥ ਦੇ ਰਸਤੇ ਜਾਣਾ ਹੈ...

7/27 13 { 10:20 ਸਵੇਰ

ਅਫ਼ਸੋਸ ਹੈ

ਲਓ ਜੀ, ਉਸਾਰੋ ਆਪਣੇ ਮੰਦਿਰ, ਗੁਰਦਵਾਰੇ
ਜਾ ਲਾਹੋ ਓੱਥੇ ਆਪਣੇ ਸੰਸੇ ਸਾਰੇ ।
ਇੱਕ ਰਜਾਈ ਬੱਦਲਾਂ ਦੀ
ਸੁੱਟ ਕੇ ਕਣੀਆਂ ਕਰ ਦਿੱਤਾ ਸਭ ਮਲੀਆ ਮੇਟ
ਰੁੜ੍ਹ ਗਏ ਬੰਦੇ, ਘਰ ਤੇ ਡੰਗਰ
ਤੇ ਬੁੱਤ ਵੀ ਤਾਕਤ ਸਮੇਤ ।
ਸ਼ਾਇਦ ਏਸ ਤੋਂ ਕੁੱਝ ਸਿੱਖਣ ਨੂੰ ਮਿਲਿਆ ?
ਸਮਝਣ ਨੂੰ ਮਿਲਿਆ ?
ਸੋਚਣ ਨੂੰ ਮਿਲਿਆ ?
ਜੇ ਨਹੀਂ ਤਾਂ ਮਾੜੀ ਗੱਲ ਹੈ
ਫ਼ਿਕਰ ਦੀ ਗੱਲ ਹੈ ।
ਏਦੂੰ ਤਾਂ ਪੱਥਰ ਯੁੱਗ ਦੇ ਸਾਡੇ ਬਜ਼ੁਰਗ ਸੀ ਬਿਹਤਰ
ਕੁਦਰਤ ਤੋਂ ਸਿੱਖਦੇ ਸੀ
ਤਜ਼ਰਬਿਆਂ ਤੋਂ ਸਿੱਖਦੇ ਸੀ
ਤੇ ਅਗਲੇ ਕਦਮ ਪੁੱਟਦੇ ਸੀ ।

ਲਾਸ਼ਾਂ ਹਾਲੇ ਤਾਜ਼ੀਆਂ ਨੇ
ਪਰ ਪਤਾ ਹੈ ਮੈਨੂੰ ਕਿ ਅੱਜ ਜਾਂ ਕੱਲ
ਮੰਦਿਰ ਤੇ ਗੁਰਦਵਾਰੇ ਦੀਆਂ ਕੰਧਾਂ ਉੱਸਰ ਰਹੀਆਂ ਨੇ
ਸ਼ਰਧਾ ਤੇ ਉਮੀਦ ਦੀਆਂ ਫ਼ਿਰ ਇੱਟਾਂ ਪੱਥ ਹੋ ਰਹੀਆਂ ਨੇ ।
ਅਸੀਂ ਸਿੱਖਣ, ਸੋਚਣ ਤੇ ਸਮਝਣ ਤੋਂ ਰੁੱਠੇ
ਮੁੜ ਓਹੀਓ ਕੁੱਝ ਕਰਨਾ ਹੈ
ਤੇ ਬਾਰ ਬਾਰ, ਗੁੱਡਿਆਂ ਵਾਂਗੂੰ ਉੱਡਣਾ ਹੈ
ਰੁੜ੍ਹਨਾ ਹੈ, ਤੇ ਮਰਨਾ ਹੈ ।
ਅਫ਼ਸੋਸ ਕਿ ਇਹ ਹੋਣਾ ਹੈ
ਇਹ ਫ਼ਿਰ ਹੋਣਾ ਹੈ

ਕਿਓਂਕਿ ਪੱਥਰ ਨਾਲ ਪੱਥਰ ਟਕਰਾ ਕੇ
ਦੇਖਣਾ ਤੇ ਸੋਚਣਾ ਅਸੀਂ ਭੁੱਲ ਗਏ ਹਾਂ
ਹੱਥੀਂ ਸੰਦ ਬਣਾਉਣੇ, ਭੁੱਲ ਗਏ ਹਾਂ
ਪਾਣੀ ਨੂੰ ਪਰਖਣਾ, ਭੁੱਲ ਗਏ ਹਾਂ
ਕੁਦਰਤ ਨੂੰ ਸਮਝਣਾ, ਭੁੱਲ ਗਏ ਹਾਂ ।
ਅਫ਼ਸੋਸ ਹੈ, ਜੋ ਹੋਣਾ ਨਹੀਂ ਸੀ ਚਾਹੀਂਦਾ
ਅਸੀਂ ਓਹ ਹੋ ਗਏ ਹਾਂ
ਓਹ ਹੋ ਗਏ ਹਾਂ ।

7/27/13 { 6:30 ਸ਼ਾਮ

ਜੇ ਮੈਂ ਕਲਪਨਾ ਨਾਲ ਹੀ ਜੀਣਾ ਹੈ

ਜੇ ਮੈਂ ਕਲਪਨਾ ਨਾਲ ਹੀ ਜੀਣਾ ਹੈ
ਤਾਂ ਕਿਓਂ ਬਣਾ ਤੇਰੀ ਪ੍ਰੇਮਿਕਾ
ਜਿਥੇ ਬਸ ਗਮ ਹੈ ਤੇ ਰੋਣਾ ਹੈ ।

ਫ਼ਿਰ ਕਿਓਂ ਨਾ ਬਣਾ ਮੈਂ ਡ੍ਰੈਗਨਫ਼ਲਾਈ
ਤੇ ਦਰਿਆ ਦੀ ਸੈਰ ਕਰਾਂ ।
ਜਾਂ ਮੈਂ ਬਣਾ ਕੋਈ ਸਾਂਵਲੀ ਬੱਦਲੀ
ਤੇ ਪੂਰਬ ਦੀ ਵਾਯੂ ਸੰਗ ਨੱਚਦੀ
ਮਾਰੂਥਲਾਂ 'ਤੇ ਜਾ ਵੱਸਾਂ ।
ਜਾਂ ਬਣਾ ਮੈਂ ਤਿੱਤਰ ਖੰਭੀ
ਤੇ ਦੂਰ ਖੇਤਾਂ ਤੇ ਪਹਿਆਂ ਵੱਲ ਭੱਜਾਂ ।
ਜਾਂ ਮੈਂ ਬਣਾ ਪਤੰਗ ਫ਼ਿਰੋਜ਼ੀ
ਤੇ ਕਿਸੇ ਬੱਚੇ ਦੇ ਹਾਸਿਆਂ ਨਾਲ ਉੱਡਾਂ ।
ਓ ਜੇ ਮੈਂ ਬਣ ਜਾਂ ਹਮਿੰਗਬਰਡ
ਤੇ ਪੁਰਜੋਸ਼ ਫੁੱਲਾਂ 'ਚੋਂ ਮਿੱਠਾ ਰਸ ਕੱਢਾਂ ।
ਕਦੇ ਬਣਾ ਮੈਂ ਆਜੜੀ ਮੁੰਡਾ
ਤੇ ਪਸ਼ੂਆਂ ਨਾਲ ਚਰਾਂਦਾਂ ਕੱਛਾਂ ।
ਬਣ ਕੇ ਦੇਖਾਂ ਕਦੇ ਕਾਲਾ ਕੀੜਾ
ਤੇ ਤੇਜ਼ ਪਾਣੀ 'ਤੇ ਮੌਜ 'ਚ ਨੱਸਾਂ ।
ਇੱਕ ਦਿਨ, ਬਣਾ ਮੈਂ ਨਿੱਕੀ ਗੁੱਡੀਆ
ਤੇ ਲੋਹੜੀ ਨੂੰ ਭੂਤ ਪਿੰਨੇ ਵੱਟਾਂ ।
ਬਣ ਜਾਵਾਂ ਆਬਸ਼ਾਰ ਕਦੇ ਫ਼ਿਰ
ਤੇ ਫੁੱਟ ਫੁੱਟ, ਕਲ ਕਲ ਵੱਗਾਂ ।
ਬਣਾ ਕਦੇ ਕੋਈ ਵੇਲ ਵਣਾਂ ਦੀ
ਤੇ ਲਾ ਕਿਸੇ ਰੁੱਖ ਨੂੰ ਪੌੜੀ
ਅਰਸ਼ਾਂ ਕੰਨੀ ਚੜ੍ਹਾਂ ਤੇ ਤੱਕਾਂ ।

ਜਾਂ ਬਣਾਂ ਕਸਤੂਰੀਆ
ਪੁਰਜੋਰ ਨੱਸਾਂ ਤੇ ਲਗਰਾਂ ਚੱਖਾਂ ।
ਕਿਸੇ ਸਵੇਰ ਬਣ ਕਮਲ ਪਿਆਜੀ
ਨੀਲੀ ਲਹਿਰ 'ਤੇ ਖਿੱੜਦਾ ਹੱਸਾਂ ।
ਜਾਂ ਬਣ ਖੜ੍ਹਾਂ ਮੈਂ ਸੂਰਜ ਮੁਖੀਆ
ਤੇ ਮਧੂ ਮੱਖੀਆਂ ਨੂੰ ਕੋਲ ਸੱਦਾਂ ।

ਜੇ ਮੈਂ ਕਲਪਨਾ ਨਾਲ ਹੀ ਜੀਣਾ ਹੈ
ਤਾਂ ਕਿਓਂ ਬਣਾ ਤੇਰੀ ਪ੍ਰੇਮਿਕਾ
ਜਿਥੇ ਬਸ ਗਮ ਹੈ ਤੇ ਰੋਣਾ ਹੈ ।

7/28/13 { 9 :00 ਸ਼ਾਮ

ਖਿਡਾਰੀ

ਮਖਾਂ ਪੁੱਛੋ ਨਾ
ਨੀ ਓਹ ਪੱਕਾ ਬਾਰਾਂ ਤਾਲਾ,
ਸ਼ਤਰੰਜ ਖਿਡਾਰੀ,
ਤੇ ਮਜਮੇਬਾਜ ।
ਮਾੜਾ ਜਿਹਾ ਵੀ ਕੁੱਝ ਆਖ ਕੇ ਦੇਖੋ
ਫੌਰੀ ਮੁੰਕਮਲ ਟੂਲ ਕੱਢ ਲਿਆਵੇ :
ਕੋਇਲ ਤੇ ਕਦੇ ਬੁਲਬੁਲ ਬਣ
ਜਾਦੂਜਾਣੇ ਗੀਤ ਗਾ ਦੁਨੀਆਂ ਭਰਮਾਵੇ
ਤੇ ਗੂੜੀ ਨੀਂਦ ਸੁਲਾਵੇ ।
ਕਦੇ ਢੋਲ ਵਜਾ ਕੇ ਮੀਂਹ ਵਰ੍ਹਾਵੇ
ਭੰਗੜਾ ਪਾਵੇ
ਤੇ ਹੋਰਾਂ ਨੂੰ ਨੱਚਾਵੇ ।
ਕਦੇ ਝੂਲ ਝੂਲ ਕੇ ਬੀਨ ਵਜਾਵੇ
ਪਟਾਰੀ 'ਚੋਂ ਕੱਢ ਸੱਪ ਵਿਖਾਵੇ
ਤੇ ਜ਼ਹਿਰ ਕੱਟਣ ਦੇ ਢੰਗ ਸਿਖਾਵੇ ।
ਕਦੇ ਜਾਦੂਗਰ ਬਣ ਜਾਵੇ
ਕੱਢ ਟੋਪੀ 'ਚੋਂ ਦੋ ਕਬੂਤਰ
ਬੱਦਲਾਂ ਵੱਲ ਉੱਡਾਵੇ
ਤੇ ਝੱਗੇ ਹੇਠੋਂ ਕੱਢ ਮੇਮਨਾ
ਡੌਰ-ਭੌਰ ਕਰ ਦੁਨੀਆਂ ਨੂੰ
ਚਕਮਾ ਲਾ,
ਉੱਡੰਤਰ ਹੋ ਜਾਵੇ ।

ਦੂਰ ਖੜ੍ਹੀ ਮੈਂ ਦੇਖਦੀ ਹਾਂ
ਕਦੇ ਖਿਝਦੀ ਹਾਂ
ਤੇ ਕਦੇ ਹੱਸਦੀ ਹਾਂ ।

ਓਹ ਮੈਨੂੰ ਟੇਢੀ ਨਜ਼ਰੇ ਦੇਖਦਾ ਹੈ
ਸਭ ਜਾਣਦਾ ਤੇ ਸਭ ਸਮਝਦਾ ਹੈ
ਤੇ ਅਗਲਾ ਪੱਤਾ ਸੁੱਟਣ ਦਾ ਸੋਚਦਾ ਹੈ...

7/31/13 { 2: ਢਲੀ ਦੁਪਿਹਰ

ਨੀ ਤੂੰ ਕਲਿੱਪਾਂ ਦੀ ਸ਼ੁਕੀਨ ਕੁੜੀਏ

ਨੀ ਤੂੰ ਕਲਿੱਪਾਂ ਦੀ ਸ਼ੁਕੀਨ ਕੁੜੀਏ
ਤਾਂਬੇ ਰੰਗ ਦੇ ਬਣਾ ਕੇ ਲਾਵੇਂ
ਸਾਂਵਲੀ ਤੂੰ ਬੱਦਲੀ ਜਹੀ
ਤਾਰੇ ਵਾਲਾਂ ਵਿਚ ਗੁੰਦਾਵੇਂ
ਲੀੜੇ ਤੇਰੇ ਧੁੱਪ ਰੰਗ ਦੇ
ਪਾ ਅਰਸ਼ਾਂ ਨੂੰ ਉੱਡਦੀ ਜਾਵੇਂ
ਤਿੱਖੀ ਧਾਰ ਖਿੱਚ ਸੁਰਮਾ
ਖ਼ੂਬ ਅੱਖੀਆਂ ਨੂੰ ਮਟਕਾਵੇਂ
ਨੱਕ ਵਿਚ ਹਿੱਲੇ ਮੱਛਲੀ
ਅੱਲੋਕਾਰੀਆਂ ਬੁਝਾਰਤਾਂ ਪਾਵੇਂ
ਕੰਨੀ ਪਾ ਕੋਕਲੀਆਂ
ਜਾਣ ਬੁੱਝ ਗਰਦਨ ਝਟਕਾਵੇਂ
ਜੁੱਤੀ ਤੇਰੀ ਮੋਰ ਰੰਗ ਦੀ
ਪਾ ਬਿੱਲੀ ਜਿਓਂ ਪੈਰ ਟਿਕਾਵੇਂ
ਚੁੰਨੀ ਤੇਰੀ ਸੱਪ ਮੇਲ੍ਹਦੇ
ਲੈ ਡਰ ਛਿੜਕਦੀ ਜਾਵੇਂ
ਨੀ ਕਾਸ ਨੂੰ ਕਿਤਾਬਾਂ ਚੁੱਕੀਆਂ
ਕੀ ਪੜ੍ਹੇ ਤੇ ਕੀ ਸਮਝਾਵੇਂ ?
ਨੀ ਵੱਟੇ ਜਹੇ ਮੂੰਹ ਵਾਲੀਏ
ਤੂੰ ਸਾਡੀ ਕਦਰ ਕੌਡੀ ਨਾ ਪਾਵੇਂ ।

8/1/13 { 3:15 ਢਲਦੀ ਦੁਪਿਹਰ

ਜ਼ਖ਼ਮ

ਖ਼ੂਨ ਦਾ ਰਿਸ਼ਤਾ
ਮੂਲੋਂ ਹੀ ਅਨਜਾਣ ਰਿਸ਼ਤਾ
ਸ਼ਰਮ ਦਾ ਰਿਸ਼ਤਾ
ਅਣਖ ਦਾ ਰਿਸ਼ਤਾ
ਦਹਿਸ਼ਤ ਦਾ ਰਿਸ਼ਤਾ
ਬੇਬਸੀ ਦਾ ਰਿਸ਼ਤਾ
ਮਜ਼ਬੂਰੀ ਦਾ ਰਿਸ਼ਤਾ
ਇੱਕ ਜ਼ਖਮ
ਤੇ ਇੱਕ ਬੋਝ ।
ਕੀਹਨੂੰ ਚਾਹੀਦਾ ਸੀ ਇਹ ਰਿਸ਼ਤਾ ?
ਨਾ ਤੁਹਾਨੂੰ
ਨਾ ਮੈਨੂੰ ।
ਜੇ ਇਹ ਸੱਚ ਹੈ
ਕਿ ਸਭ ਕੁੱਝ ਮੁੜ ਰੀਸਾਈਕਲਡ ਹੁੰਦੈ
ਤਾਂ ਮੇਰੀ ਦੁਆ ਹੈ
ਸਾਡਾ ਇਹ ਰਿਸ਼ਤਾ
ਕਿਸੇ ਇਤਿਫ਼ਾਕ
ਜਾਂ ਕਿਸੇ ਸਮੇਂ ਵਿਚ
ਮੁੜ ਬਣੇ ਨਾ !

8/1/13 { 9:15 ਰਾਤ

ਕੀ ਕਰਾਂ !

ਕੀ ਕਰਾਂ
ਪਰ ਇਹ ਤਜ਼ਰਬਿਆਂ ਦੀ ਮਾਰ ਹੈ
ਜਾਂ ਸੋਧ ਹੈ
ਕਿ ਓਸ ਤਮਾਸ਼ੇ ਪਿੱਛੋਂ ਹੁਣ
ਤੇਰੀਆਂ ਗੱਲਾਂ ਮੰਨਣ ਤੋਂ
ਮਨ ਇੰਜ ਡਰਦਾ ਹੈ
ਜਿਵੇਂ ਦੁੱਧ ਦਾ ਜਲਿਆ
ਲੱਸੀ ਫੂਕਾਂ ਮਾਰ ਕੇ ਪੀਵੇ ।

8/2/13 { 6:45 ਸ਼ਾਮ

ਰੀਸਾਈਕਲਡ

ਹੁਣੇ ਹੁਣੇ, ਦਰਿਆ ਦੇ ਸੰਗ ਨੱਸਦੀ
ਸਾਗਰ ਦੀ ਛਾਤੀ 'ਚ ਸਮੋਈ ਏ ਇੱਕ ਬੂੰਦ
ਹੀਰਾ ਬਣ ਕੇ ਚਮਕੇ, ਉੱਛਲੇ, ਕੰਢੇ ਛੂਹੇ
ਭਾਫ਼ ਬਣ ਅਸਮਾਨ ਨੂੰ ਉੱਡੇ
ਬੱਦਲ ਬਣ ਜ਼ਮੀਨ 'ਤੇ ਵੱਸੇ
ਫ਼ਸਲਾਂ ਸਿੰਜੇ
ਤੇ ਕਿਸੇ ਮੋੜ 'ਤੇ
ਮੁੜ ਦਰਿਆ ਦੇ ਸਾਥ 'ਚ ਨੱਸੇ
ਤੇ ਅਖ਼ੀਰ, ਮੁੜ ਸਾਗਰ ਦੀ ਛਾਤੀ ਚੁੰਮੇਂ ...
ਬੰਦਾ ਬੇਸ਼ਕ ਨਾਂ ਤੋਂ ਏ ਮਰਦਾ
ਪਰ ਜਿਸਮ ਓਹਦਾ ਨਾ ਪੂਰਾ ਖੁਰਦਾ
ਬਣਦਾ ਧਰਤੀ ਦਾ ਓਹ ਖਿੱਤਾ
ਜਿਥੇ ਹੋ ਜਾਮੁਨ, ਅੰਬ , ਅੰਜੀਰ ਓਹ ਉੱਗਦਾ
ਮੌਲੀਕੀਊਲਜ਼ ਜਾ ਮਿਲਦੇ ਕਿਸੇ ਉਪਜਾਊ ਭੰਡਾਰੇ
ਜੀਹ ਤੋਂ ਬਣਦੇ ਜੀ-ਜੰਤੂ ਤੇ ਤੋਤੇ ਪਿਆਰੇ
ਤੇ ਫੇਰ ਕਦੇ, ਏਸ ਬਣਨ ਢਹਿਣ ਦੇ ਫੇਰ ਵਿਚ
ਓਹ ਬੰਦਾ ਬਣ ਜਾਂਦੈ ।
ਤੇ ਇੰਜ, ਜੰਮਣ ਤੇ ਮਰਨ ਦਾ
ਇਹ ਸਿਲਸਿਲਾ ਚੱਲਦਾ ਰਹਿੰਦੈ
ਇਹ ਦਰਿਆ ਵਹਿੰਦਾ ਰਹਿੰਦੈ ।
ਸਚ ਜਾਣੋ, ਅਸਲ 'ਚ , ਏਥੇ ਕੋਈ ਨੀ ਮਰਦਾ
ਤੇ ਕਿਧਰੇ ਨੀ ਜਾਂਦਾ
ਬੱਸ, ਭੇਸ ਵਟਾ ਕੇ, ਮੁੜ ਮੁੜ ਏਥੇ ਆਉਂਦਾ ਰਹਿੰਦੈ
ਤੇ ਵਖ ਅੰਦਾਜ਼ 'ਚ ਦਿਸਦਾ ਰਹਿੰਦੈ
ਤੇ ਫਿਰਦਾ ਰਹਿੰਦੈ ...

8/2/13 { 11:15 ਰਾਤ